# ਦੇਸ਼ ਦੁਆਬਾ

VOL -2 ISSUE - 4
May 16-31, 2013
www.deshdoaba.com
www.ambedkartimes.com



GREETINGS ON
THE BUDDHA PURNIMA
Ambedkartimes.com &
Deshdoaba.com congratulate
all its worthy writers, readers
and well wishers on
Lord Buddha's Jayanti and
wish you all happy, healthy
and peaceful life.
(Prem Kumar Chumber)





ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ''ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੀਫੋਰਨੀਆ ਯੂ. ਐਸ. ਏ. ਨੇ ਰਚਿਆ ਨਵਾਂ ਇਤਿਹਾਸ

# ਸਤਿਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਲੇਠਾ ''ਕਮਿਊਨਿਟੀ ਅਵੇਅਰਨੈਸ'' ਪ੍ਰੋਗਰਾਮ ਹੋਇਆ



ਸੈਕਰਾਮੈਂਟੋ (ਡੀ ਡੀ ਬੀ) ਨਵਗਠਿਤ ''ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੀਫੋਰਨੀਆ ਯੂ. ਐਸ. ਏ. ਵੱਲੋਂ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ 'ਚ ਕੈਪੀਟਲ ਬਿਲਡਿੰਗ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਲੇਠਾ ''ਕਮਿਊਨਿਟੀ ਅਵੇਅਰਨੈਸ'' ਪ੍ਰੋਗਰਾਮ ਮਈ 12, 2013 ਨੂੰ ਬਹੁਤ ਹੀ ਸਫਲਤਾ ਪੂਰਵਕ ਹੋਇਆ। ਪ੍ਰੋਗਰਾਮ ਦੀ ਸ਼ੁਰੂਆਤ 'ਚ ਭਾਈ ਸਾਹਿਬ ਭਾਈ ਹਰਬਿਲਾਸ ਸਿੰਘ ਜੀ ਨੇ ਸਰਬਤ ਦੇ ਭਲੇ ਹਿੱਤ ਅਰਦਾਸ ਕੀਤੀ ਤੇ ਸਭ ਨੂੰ ਵਧਾਈ ਦਿੰਦਿਆਂ ਸ਼ੁਭ ਕਾਮਨਾਵਾਂ ਕੀਤੀਆਂ। ਇਸ ਦੌਰਾਨ ਸਤਿਗੁਰੂ ਰਵਿਦਾਸ ਜੀ ਸ਼ੁਸ਼ੋਭਿਤ ਫੋਟੋ ਅੱਗੇ ਸਭ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਟੇਜ ਦੀ ਵਾਗਡੋਰ ਸੰਭਾਲਦਿਆਂ ਸ੍ਰੀ ਰਾਕੇਸ਼ ਚੰਦਰ ਜੋ ਇਸ ਕਮੇਟੀ ਦੇ ਸਰਗਰਮ ਮੈਂਬਰ ਵੀ ਹਨ, ਨੇ ਸਭ ਦਾ ਧੰਨਵਾਦ ਕਰਦਿਆਂ ਸਭ ਨੂੰ ਆਪਣੀ ਆਰਗੇਨਾਈਜੇਸ਼ਨ ਵੱਲੋਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸਾਡਾ ਇੱਥੇ ਇਕੱਠੇ ਹੋਣਾ ਆਪਣੇ ਆਪ ਵਿਚ ਬੜੇ ਮਾਣ ਵਾਲੀ ਗੱਲ ਹੈ ਕਿ ਅਜਿਹਾ ਅਮਰੀਕਾ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ। ਇਸ ਵਾਸਤੇ ਅਸੀਂ ਸਭ ਸਟੇਟ ਦੇ ਧੰਨਵਾਦੀ ਹਾਂ, ਜਿਹਨਾਂ ਨੇ ਸਾਨੂੰ ਮਾਣ ਬਖਸ਼ਿਆ। ਅਸੀਂ ਅੱਜ ਇੱਥੇ ਇਕੱਠੇ ਹੋ ਕੇ ਆਪਣੇ ਭਾਈਚਾਰੇ ਦੇ ਖਾਸ ਕਰਕੇ ਨੌਜਵਾਨ ਪੀੜ੍ਹੀ ਦੇ ਬੱਚੇ ਬੱਚੀਆਂ ਨੂੰ ਇੱਥੋਂ ਦੀ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ, ਰੱਖਿਅਕ ਆਦਿ ਅਨੇਕਾਂ ਸਮਾਜਿਕ ਅਸਾਰੂ ਗਤੀਵਿਧੀਆਂ 'ਚ ਅੱਗੇ ਆਉਣ ਦਾ ਸੱਦਾ ਦਿੰਦੇ ਹਾਂ ਕਿਉਂਕਿ ਅਸੀਂ ਇੱਥੋਂ ਦੀ ਨਾਗਰਿਕ ਹਾਂ ਤੇ ਸਾਡਾ ਹੁਣ ਫਰਜ਼ ਹੈ ਅਸੀਂ ਆਪਣਾ ਬਣਦਾ ਪੂਰਾ ਯੋਗਦਾਨ ਪਾ ਕੇ ਇਕ ਚੰਗੇ ਨਾਗਰਿਕ ਵਜੋਂ ਮਿਸਾਲਾਂ ਪੈਦਾ ਕਰ ਸਕੀਏ।

ਉਨ੍ਹਾਂ ਆਰਗੇਨਾਈਜੇਸ਼ਨ ਵੱਲੋਂ ਅਸੈਂਬਲੀ ਮੈਂਬਰ ਡਾ. ਰਿਚਰਡ ਪੇਨ, ਮਿਸਿਜ ਫੇਥ ਵਾਈਟਮੋਰ (ਕਾਂਗਰਸ ਮੈਂਬਰ ਡਾ ਐਮੀ ਬੈਰਾ ਸੈਵਨਟਥ ਡਿਸਟਰਿਕਟ ਦੇ ਆਫਿਸ ਵਲੋਂ) ਤੇ ਮਿਸਿਜ ਬੌਬੀ ਸਿੰਘ ਐਲਨ (ਬੋਰਡ ਆਫ ਡਾਇਰੈਕਟਰ ਐਲਕ ਗਰੋਵ ਸਕੂਲ ਡਿਸਟਰਿਕਟ) ਅਤੇ ਮਿਸਟਰ ਮਾਈਕ ਸਿੰਘ ਹੋਠੀ (ਡਾ ਰਿਚਰਡ ਪੇਨ ਦੇ ਆਫਿਸ/ਫੀਲਡ ਰਿਪਰਜੈਂਟਿਵ) ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜੋ ਆਪਣਾ ਕੀਮਤੀ ਸਮਾਂ ਕੱਢ ਕੇ ਆਏ। ਇਸ ਦੇ ਨਾਲ ''ਮਦਰ ਡੇਅ'' ਤੇ ਵੀ ਸਭ ਨੂੰ ਮੁਬਾਰਕਵਾਦ ਦਿੱਤੀ ਤੇ ਕੁਝ ਬਜ਼ੁਰਗ ਮਾਤਾਵਾਂ ਨੂੰ ਸਟੇਜ ਤੇ ਵੀ ਸਤਿਕਾਰ (ਬਾਕੀ ਸਫਾ 10 ਤੇ)




**ਯੂਬਾ ਸਿਟੀ ਵਿਖੇ ਡਾ.ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ**
(ਦੇਖੋ ਸਫਾ 3 ਤੇ)

## ਪੰਜਾਬ ਪੰਚਾਇਤ ਚੋਣਾਂ : ਅਕਾਲੀ-ਭਾਜਪਾ ਗਠਬੰਧਨ ਦੀ ਸ਼ਾਨਦਾਰ ਜਿੱਤ

ਚੰਡੀਗੜ੍ਹ- ਪੰਜਾਬ ਦੀ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਬੰਧਨ ਨੇ ਜ਼ਿਲਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰਕੇ ਜ਼ਿਆਦਾਤਰ ਸੀਟਾਂ 'ਤੇ ਕਬਜ਼ਾ ਕਰ ਲਿਆ ਹੈ। ਬੁੱਧਵਾਰ ਸ਼ਾਮ ਲਗਭਗ ਸਾਰੇ ਨਤੀਜੇ ਉਪਲਬਧ ਹੋ ਗਏ। ਅਕਾਲੀ ਦਲ-ਭਾਜਪਾ ਗਠਬੰਧਨ ਨੇ 329 ਸੀਟਾਂ 'ਚੋਂ ਜ਼ਿਲਾ ਪਰਿਸ਼ਦ ਦੀਆਂ 297 ਸੀਟਾਂ 'ਤੇ ਕਬਜ਼ਾ ਕੀਤਾ ਹੈ। ਸੂਬਾ ਚੋਣ ਕਮਿਸ਼ਨ ਦੇ ਇਕ ਬੁਲਾਰੇ ਨੇ ਦੱਸਿਆ ਕਿ ਕਾਂਗਰਸ ਸਿਰਫ 26 ਸੀਟਾਂ ਹੀ ਹਾਸਲ ਕਰ ਪਾਈ ਜਦੋਂਕਿ ਹੋਰਨਾ ਦੇ ਖਾਤੇ 'ਚ 6 ਸੀਟਾਂ ਗਈਆਂ। ਪੰਚਾਇਤ ਸੰਮਤੀ ਦੀ 2731 ਸੀਟਾਂ 'ਚੋਂ 2729 ਦੇ ਨਤੀਜੇ ਐਲਾਨੇ ਗਏ ਹਨ। ਇਨ੍ਹਾਂ 'ਚੋਂ ਅਕਾਲੀ-ਭਾਜਪਾ ਗਠਜੋੜ ਨੇ 2122 ਅਤੇ ਕਾਂਗਰਸ ਨੇ 454 ਅਤੇ ਹੋਰਨਾਂ ਨੇ 153 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ-ਭਾਜਪਾ ਗਠਬੰਧਨ 'ਚ ਦੁਬਾਰਾ ਵਿਸ਼ਵਾਸ ਕਰਨ 'ਤੇ ਸੂਬੇ ਦੇ ਲੋਕਾਂ ਦਾ ਧੰਨਵਾਦ ਕੀਤਾ।






MAJESTIC HOMES
RAMESH SUMAN
Broker Realtor
RCS-D™
Office (925) 779-1234
Direct (925) 366-3618
Fax (925) 219-3918
DRE Licence - 00871752
www.majestichomes.us • ramesh@rameshsuman.com
P.O. Box 3434 , Antioch, CA 94531-3434






**ਫਗਵਾੜਾ 'ਚ ਬਸਪਾ-ਕਾਂਗਰਸ ਗਠਜੋੜ ਨੇ ਮਾਰੀ ਬਾਜ਼ੀ**
(ਦੇਖੋ ਸਫਾ 8 ਤੇ)


SAROAY INVESTMENT REALTY



Ram Saroay
Broker
39039 Paseo Padre Parkway
Suite # 205
Fremont, CA 94538
Office: (510) 742-8120
Fax: (510) 742-8121
ramsaroay@hotmail.com




Amrik Chand (CPA)
Phone : 510-490-8200 Fax : 510-490-8202
Email : achand@pacbell.net
959 Corporate Way, Fremont, CA. 94539

Income Tax Preparatioin
(Individual, Corporation & LLC)
Payroll Services & Bank Keeping Services
• We are in this business since 1989.
Your satisfaction is our goal.
• Please call us for
Professional & reliable services at reasonable rates.



# INDIA MARKET

## ਡਾ. ਅੰਬੇਦਕਰ ਜੀ ਦੇ ਜਨਮ ਦਿਨ ਦੀਆਂ ਆਈ ਬੀ ਓ ਵਲੋਂ ਤਿਆਰੀਆਂ



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

We would like to request all to join us on Baba Sahib Dr. Ambedkar's 122nd birth anniversary celebration on SUNDAY, May 26, 2013 at Mehran Restaurant Pittsburg (California).



We have the largest collection of indian, fijian and pakistani grocery, music, fabric, artificial jewelery and sweets.Fresh vigitable are available here. We do take EBT card.



WE ACCEPT FOOD STAMPS
For more information
Call Us :
916-338-5511



## 5202 Elkhorn Blvd. Sacramento, CA 95842



Toll Free 1-866-FOR-RAJA
www.rajasweets.com
msbains@rajasweets.com

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

# ਯੂਬਾ ਸਿਟੀ ਵਿਖੇ ਡਾ.ਅੰਬੇਦਕਰ ਜੀ ਦਾ 122ਵਾਂ ਜਨਮ ਦਿਨ ਮਨਾਇਆ

## ਭਾਈ ਕੁਲਵਿੰਦਰ ਸਿੰਘ ਜੀ ਦੀ ਸਪੁੱਤਰੀ ਅਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ

ਯੂਬਾ ਸਿਟੀ (ਦਲਵਿੰਦਰ ਰੱਲੂ)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀਦਾ 122ਵਾਂ ਜਨਮ ਦਿਨ ਗੁਰੂ ਘਰ ਵਿਖੇ ਮਨਾਇਆ ਗਿਆ। ਇਸ ਸ਼ੁਭ ਅਵਸਰ ਦੇ ਮੌਕੇ 19 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ 21 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਡਾ. ਅੰਬੇਦਕਰ ਜੀ ਦੇ ਜੀਵਨ ਤੇ ਮਿਸ਼ਨ ਬਾਰੇ ਅਲੱਗ ਅਲੱਗ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ ਅਤੇ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ (ਮੁੱਖ ਗ੍ਰੰਥੀ) ਅਤੇ ਕਥਾਵਾਚਕ ਭਾਈ ਗੁਰਦੇਵ ਸਿੰਘ ਜੀ ਨੇ ਜਿੱਥੇ ਸ਼ਬਦ ਗਾਇਨ ਤੇ ਕਥਾ ਕੀਤੀ, ਉਥੇ ਬਾਬਾ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਜਿਸ ਨੂੰ ਸਮੂਹ ਸੰਗਤ ਨੇ ਮਨ ਚਿੱਤ ਲਾ ਕੇ ਸਰਵਣ ਕੀਤਾ।

ਭਾਈ ਕੁਲਵਿੰਦਰ ਸਿੰਘ ਜੀ ਨਾਲ ਉਹਨਾਂ ਦੇ ਲੜਕੇ ਅਤੇ ਭਾਈ ਚਰਨ ਸਿੰਘ ਪੜਪੱਗਾ ਜੀ ਨੇ ਸਾਥ ਦਿੱਤਾ।

ਅੱਜ ਦੇ ਇਸ ਸਮਾਗਮ ਦੀ ਲੰਗਰ ਅਤੇ ਪਾਠ ਸੇਵਾ ਪ੍ਰਸਿੱਧ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਹੁਰਾਂ ਕੀਤੀ। ਇਸ ਤੋਂ ਇਲਾਵਾ ਹੋਰਨਾਂ ਸਮਾਗਮਾਂ ਦੀ ਤਰ੍ਹਾਂ ਇਸ ਵਾਰ ਵੀ ਸ. ਸਤਿਨਾਮ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਕੁਲਵਿੰਦਰ ਕੌਰ ਸਮੂਹ ਪਰਿਵਾਰ ਨੇ ਤਾਜ਼ੀਆਂ-ਤਾਜ਼ੀਆਂ ਜਲੇਬੀਆਂ ਦੀ ਸੇਵਾ ਕੀਤੀ। ਇਸ ਪਰਿਵਾਰ ਨੂੰ ਹੁਣ ਜਲੇਬੀਆਂ ਦੀ ਸੇਵਾ ਲਈ ਜਾਣਿਆ ਜਾਣ ਲੱਗ ਪਿਆ ਹੈ।

ਅੱਜ ਦੀ ਵਿਸ਼ੇਸ਼ਤਾ ਇਹ ਰਹੀ ਕਿ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਯੂਬਾ ਸਿਟੀ ਦੇ ਮੁੱਖ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਜੀ ਦੀ ਸਪੁੱਤਰੀ ਦਾ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲੂ ਨੇ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਕੀਤਾ।

ਅੱਜ ਦੇ ਸਮਾਗਮ ਦੀ ਸਟੇਜ ਸੇਵਾ ਬਾਖ਼ੂਬੀ ਸ੍ਰੀਮਾਨ ਰਾਮਸੇਵਕ ਭਾਟੀਆ ਜੀ ਨੇ ਨਿਭਾਈ ਅਤੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ।


















INDIA BAZAAR




Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

304 E HAMMER LANE # 12, STOCKTON CA, 95210

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।




BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

Phone: 510-538-1138

## ਥੱਲੇ ਪਿੱਪਲ ਦਿਆ ਬੂਟਿਆ, ਵੇ ਤੈਨੂੰ ਬੁੱਧ ਦੀਆਂ ਰੱਖਾਂ। ਸਾਲ ਪੰਝੀ ਸੌ ਲੰਘ ਗਏ, ਵੇ ਤੂੰ ਜੀਵੇ ਹੋਰ ਲੱਖਾਂ।



ਪਿੱਪਲ ਦਾ ਉਹ ਦਰਖਤ ਜਿਸ ਦੇ ਹੇਠਾਂ ਭਗਵਾਨ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ।

**Happy Lord Buddha Jayanti**

**Raj Kumar Oshoraj**

Vice President
Indian Buddhist Society
Toronto, Canada
17 Fred Bland Cres., Toronto,
Ontario, M1J3L7, Canada



Raj Kumar Oshoraj


# ਬਾਬਾ ਸਾਹਿਬ ਉਤੇ ਬੁੱਧ ਧਰਮ ਦਾ ਅਸਰ

**ਪੰਡਤ ਰਾਹੁਲ ਸਾਂਕ੍ਰਿਤਿਆਨ**

ਨਵੰਬਰ, 1956 ਦਾ ਉਹ ਦਿਨ ਨਹੀਂ ਭੁੱਲ ਸਕਦਾ, ਜਦੋਂ ਨੇਪਾਲ ਵਿਖੇ ਬਾਬਾ ਸਾਹਿਬ ਅੰਬੇਡਕਰ ਨੇ ਬਹੁਤ ਹੀ ਭਾਵੁਕਤਾ, ਪਰ ਗੰਭੀਰਤਾ ਨਾਲ ਐਲਾਨ ਕੀਤਾ- ''ਦੋ ਸਾਲ ਹੋਰ ਜੀਅ ਲਵਾਂ ਤਾਂ ਭਾਰਤ ਵਿਚ ਪੰਜ ਕਰੋੜ ਬੋਧੀ ਦਿਖਾ ਦਿਆਂ।'' ਅਫਸੋਸ! ਹਜ਼ਾਰਾਂ ਹੀ ਅਫਸੋਸ ਕਿ ਉਹ ਸੰਕਲਪ ਪੂਰਾ ਨਹੀਂ ਹੋਇਆ। ਉਸ ਵੇਲੇ ਵੀ ਬਾਬਾ ਸਾਹਿਬ ਸਿਹਤ ਪੱਖੋਂ ਬਹੁਤ ਕਮਜ਼ੋਰ ਸਨ। ਪਰ, ਕੌਣ ਆਸ ਕਰ ਸਕਦਾ ਸੀ ਕਿ ਕੁਝ ਹਫਤਿਆਂ ਬਾਅਦ ਹੀ ਬਾਬਾ ਸਾਹਿਬ ਨੇ ਆਪਣਾ ਸੰਕਲਪ ਪੂਰਾ ਕੀਤੇ ਬਿਨਾਂ ਹੀ ਜੀਵਨ ਸਫਰ ਪੂਰਾ ਕਰ ਜਾਣਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਚ ਸੱਤ ਸੌ ਸਾਲ ਬਾਅਦ ਬੋਧੀ ਸਮਾਜ ਦੀ ਇਸ ਠੋਸ ਧਾਂਕ ਵਿਚ ਸਭ ਤੋਂ ਵੱਡਾ ਹੱਥ ਬਾਬਾ ਸਾਹਿਬ ਦਾ ਹੈ। ਇਤਿਹਾਸ ਉਨ੍ਹਾਂ ਨੂੰ ਕਦੀ ਵੀ ਨਹੀਂ ਭੁਲਾ ਸਕੇਗਾ। ਪਿਛਲੀ ਅੱਧੀ ਸਦੀ ਤੋਂ ਸੈਂਕੜੇ ਹੀ ਸਿੱਖਿਅਤ ਤੇ ਸੁਲਝੇ ਹੋਏ ਆਦਮੀ ਸਾਡੇ ਦੇਸ਼ ਵਿਚ ਆਏ ਹਨ, ਜਿਹਨਾਂ ਨੂੰ ਬੁੱਧ ਧਰਮ ਦੀ ਘਾਟ ਬਹੁਤ ਮਹਿਸੂਸ ਹੁੰਦੀ ਰਹੀ। ਉਹ ਠੰਢਾ ਹਉਕਾ ਭਰ ਕੇ ਆਖਦੇ, ''ਕੀ ਉਹ- ਕੀ ਉਹ ਬੋਧੀ ਸਮਾਜ ਸਾਡੇ ਦੇਸ਼ ਵਿਚ ਫਿਰ ਨਹੀਂ ਆਵੇਗਾ, ਜਿਸ ਦਾ ਗੁਣਗਾਨ ਫਾਹਿਯਾਨ, ਸਵੇਨ-ਚਾਂਗ ਤੇ ਇਤਸਿੰਘ ਦੀਆਂ ਯਾਤਰਾ ਗ੍ਰੰਥਾਂ ਵਿਚ ਮਿਲਦਾ ਹੈ? ਨਿੱਜੀ ਤੌਰ 'ਤੇ ਉਹਨਾਂ ਵਿਚੋਂ ਕਿੰਨੇ ਹੀ ਬੋਧੀ ਬਣ ਗਏ। ਇਕ ਵਾਰੀ ਵੀ ਜਿਸ ਦੇ ਉਪਰ ਬੁੱਧ ਦੀ ਬਾਣੀ ਅਤੇ ਉਸ ਨਾਲ ਪ੍ਰੇਰਿਤ ਕਲਾ ਅਤੇ ਤਹਿਜ਼ੀਬ ਦੀ ਛਾਪ ਪੈ ਗਈ, ਉਹ ਜ਼ਿੰਦਗੀ ਭਰ ਉਸਦੇ ਮਨ ਤੋਂ ਮਿਟਣ ਵਾਲੀ ਨਹੀਂ।

ਲਾਹੌਰ ਦੇ ਉਘੇ ਵਕੀਲ ਪੰਡਤ ਸ਼ਿਵ ਨਾਰਾਇਣ ਸ਼ਮੀਮ ਨੇ ਇਕ ਵਾਰੀ ਸਵਾਮੀ ਦਯਾਨੰਦ ਬਾਰੇ ਲਿਖਦਿਆਂ ਆਖਿਆ ਸੀ- ''ਮੈਂ ਸਵਾਮੀ ਜੀ ਨੂੰ ਡਿੱਠਾ ਸੀ। ਉਨ੍ਹਾਂ ਦੇ ਭਾਸ਼ਣ ਸੁਣੇ ਸਨ। ਪਰ ਮੇਰੇ ਦਿਲ ਅਤੇ ਦਿਮਾਗ ਨੂੰ ਪਹਿਲੋਂ ਹੀ ਬੁੱਧ ਨੇ ਮੱਲਿਆ ਹੋਇਆ ਸੀ ਇਸ ਕਰਕੇ ਮੈਂ ਆਰੀਆ ਸਮਾਜੀ ਨਾ ਬਣ ਸਕਿਆ।''

ਪਰ ਮੈਂ ਇਹ ਆਖ ਸਕਦਾ ਹਾਂ- ਬੁੱਧ ਤੋਂ ਵਾਕਫ ਹੋਣ ਤੋਂ ਪਹਿਲਾਂ ਮੈਂ ਆਪਣੇ ਦਿਲ ਅਤੇ ਦਿਮਾਗ ਨੂੰ ਰਿਸ਼ੀ ਦਯਾਨੰਦ ਨੂੰ ਦਿੱਤਾ ਹੋਇਆ ਸੀ, ਪਰ ਜਦੋਂ ਬੁੱਧ ਦੀ ਬਾਣੀ ਅਤੇ ਸ਼ਖਸੀਅਤ ਨਾਲ ਵਾਕਫੀ ਹੋਈ ਤਾਂ ਉਸ ਦਿਲ ਨੂੰ ਮੋੜਨਾ ਪਿਆ ਅਤੇ ਹਮੇਸ਼ਾ ਹਮੇਸ਼ਾ ਲਈ ਬੁੱਧ ਦੇ ਚਰਨਾਂ ਵਿਚ ਸਿਰ ਝੁਕਾ ਦਿੱਤਾ।

ਹਿੰਦੂਆਂ ਦੀ ਬ੍ਰਾਹਮਣ ਸ਼ਾਹੀ ਤੋਂ ਨਿਰਾਸ਼ ਹੋ ਕੇ ਡਾ. ਅੰਬੇਦਕਰ ਨੇ ਧਰਮ ਬਦਲਣ ਦਾ ਐਲਾਨ ਕੀਤਾ। ਉਦੋਂ ਇਸਾਈ, ਮੁਸਲਮਾਨ ਤੇ ਆਰੀਆ ਸਮਾਜੀ ਸਾਰੇ ਹੀ ਉਨ੍ਹਾਂ ਪਿੱਛੇ ਦੌੜ ਪਏ ਸਨ। ਜਾਣਦੇ ਸਨ, ਅੰਬੇਦਕਰ ਕਰੋੜਾਂ ਦਲਿਤਾਂ ਦਾ ਨੇਤਾ ਹੈ। ਸਾਡੇ ਧਰਮ ਵਿਚ ਆਉਣ ਤੇ ਉਸਦੇ ਉਹ ਪੈਰੋਕਾਰ ਵੀ ਸਾਡੇ ਮੱਤ ਵਿਚ ਆ ਜਾਣਗੇ। ਸਿੱਖਾਂ ਨੇ ਅੰਬੇਦਕਰ ਅਤੇ ਉਹਨਾਂ ਦੇ ਪੈਰੋਕਾਰਾਂ ਨੂੰ ਆਪਣੇ ਮੱਤ ਵਿਚ ਲਿਆਉਣ ਲਈ ਲੱਖਾਂ ਰੁਪਏ ਜਮ੍ਹਾ ਕੀਤੇ, ਪਰ ਜਦੋਂ ਉਹ ਅਸਫਲ ਹੋਏ ਤਾਂ ਬੰਬਈ ਵਿਚ ਖ਼ਾਲਸਾ ਕਾਲਜ ਦੇ ਨਾਂ ਤੇ ਇਕ ਕਾਲਜ ਕਾਇਮ ਕੀਤਾ, ਜਿਹੜਾ ਹੁਣ ਵੀ ਸਿੱਖਿਆ ਦਾ ਲਾਭਕਾਰੀ ਕੰਮ ਕਰ ਰਿਹਾ ਹੈ। ਅੰਬੇਦਕਰ ਕੋਲ ਦੂਜੇ ਧਰਮਾਂ ਵਾਂਗ ਬੁੱਧ ਧਰਮ ਵੀ ਆਪਣੇ ਸਾਹਿਤ ਦੇ ਰੂਪ ਵਿਚ ਪੁੱਜਾ। 1260-70 ਈਸਵੀ ਵਿਚ ਕੁਬਲੇ ਖਾਨ ਨੂੰ ਆਪਣੇ ਧਰਮ ਵਿਚ



ਲਿਆਉਣ ਲਈ ਜਿਸ ਤਰ੍ਹਾਂ ਦੁਨੀਆਂ ਦੇ ਦੀਨ ਅਤੇ ਮਜਹਬ ਦੌੜ ਪਏ ਸਨ, ਉਹੀ ਗੱਲ ਅੰਬੇਦਕਰ ਨਾਲ ਹੋਈ ਸੀ। ਕੁੱਬਲੇ ਖਾਨ ਨੂੰ ਆਖਿਰ ਵਿਚ 'ਲਾਮਾ ਫਗਸ-ਪਾ ਬੁੱਧ ਧਰਮ ਵੱਲ ਖਿੱਚਣ ਲਈ ਕਾਮਯਾਬ ਹੋਇਆ। ਅੰਬੇਦਕਰ ਕੋਲ ਕੋਈ ਲਾਮਾ ਫਗਸ ਪਾ ਵਰਗਾ ਮਹਾਨ ਬੋਧੀ ਗੁਰੂ ਤਾਂ ਨਹੀਂ ਪੁੱਜਾ, ਬੁੱਧ ਧਰਮ ਦੀਆਂ ਕਿਤਾਬਾਂ ਜ਼ਰੂਰ ਉਹਨਾ ਕੋਲ ਪੁੱਜੀਆਂ। ਅੰਬੇਦਕਰ ਨੇ ਉਨ੍ਹਾਂ ਦਾ ਗਹਿਰਾਈ ਤੱਕ ਅਧਿਐਨ ਕੀਤਾ, ਇਸ ਵਿਚ ਸ਼ੱਕ ਨਹੀ। ਤਾਂ ਹੀ ਤਾਂ ਜਦੋਂ ਪਾਰਲੀਮੈਂਟ ਵਿਚ ਅੰਬੇਦਕਰ ਦੀ ਕਿਸੇ ਗੱਲ 'ਤੇ ਵਿਅੰਗ ਕਰਦਿਆਂ ਕਿਸੇ ਮੈਂਬਰ ਨੇ ਕਿਹਾ- 'ਤੁਹਾਡੀ ਆਤਮਾ ਨੂੰ ਸ਼ਾਂਤੀ ਮਿਲੇ,' ਤਾਂ ਬਾਬਾ ਸਾਹਿਬ ਨੇ ਜਵਾਬ ਦਿੱਤਾ ਸੀ- 'ਮੈਂ ਬੋਧੀ ਹਾਂ, ਮੈਂ ਆਤਮਾ ਨੂੰ ਨਹੀਂ ਮੰਨਦਾ।' ਬੁੱਧ ਦੇ ਆਤਮਾਵਾਦ ਤੋਂ ਰਹਿਤ ਫਲਸਫੇ ਨੂੰ ਸਮਝ ਸਕਣਾ ਕਿਸੇ ਵੀ ਦੂਜੇ ਧਰਮ ਵਾਲੇ ਲਈ ਬਹੁਤ ਹੀ ਮੁਸ਼ਕਿਲ ਹੈ। ਕਿਉਂਕਿ ਆਤਮਾ ਅਤੇ ਈਸ਼ਵਰ ਤੋਂ ਮੁਨਕਰ ਹੋ ਕੇ ਰਹਿਣਾ ਦੂਜੇ ਧਰਮਾਂ 'ਚ ਵਿਸ਼ਵਾਸ ਕਰਨ ਵਾਲੇ ਆਦਮੀ ਲਈ ਨਾ-ਮੁਮਕਿਨ ਜਿਹਾ ਮਾਲੂਮ ਹੁੰਦਾ ਹੈ। ਅੰਬੇਦਕਰ ਧਰਮ ਨੂੰ ਨਿਜੀ ਨਜ਼ਰੀਏ ਤੋਂ ਨਹੀਂ ਦੇਖਦੇ ਸਨ। ਉਹ ਉਸਨੂੰ ਆਪਣੇ ਉਹਨਾਂ ਕਰੋੜਾਂ ਭਰਾਵਾਂ ਦੀ ਨਿਗਾਹ ਨਾਲ ਦੇਖਦੇ ਸਨ, ਜਿਹੜੇ ਮਾਨਵਤਾ ਦੇ ਹੱਕਾਂ ਤੋਂ ਹਜ਼ਾਰਾਂ ਸਾਲਾਂ ਤੋਂ ਵਾਂਝੇ ਰੱਖੇ ਗਏ ਸਨ। ਉਹਨਾਂ ਨੂੰ ਇਨਸਾਨੀ ਹੱਕ ਮਿਲਣੇ ਚਾਹੀਦੇ ਹਨ। ਇਸਦੇ ਲਈ ਇਸਾਈ ਗਰੰਟੀ ਦੇਣ ਨੂੰ ਤਿਆਰ ਸਨ। ਉਹ ਲੱਖਾਂ ਹੀ ਰੁਪਏ ਖਰਚ ਕਰ ਸਕਦੇ ਸਨ। ਬਾਹਰਲੇ ਪੱਛਮੀ ਦੇਸ਼ਾਂ ਦੀ ਹਮਦਰਦੀ ਅਤੇ ਮਦਦ ਉਨ੍ਹਾਂ ਲਈ ਹਾਜ਼ਰ ਸੀ। ਪਰ, ਅੰਬੇਦਕਰ, ਪੜ੍ਹੇ ਲਿਖੇ ਸੂਝਵਾਨ ਅਤੇ ਗੰਭੀਰ ਵਿਚਾਰਕ ਸਨ। ਉਹ ਬ੍ਰਾਹਮਣ ਸ਼ਾਹੀ ਅਤੇ ਹਿੰਦੂ ਤਹਿਜ਼ੀਬ ਨੂੰ ਇਕ ਨਹੀਂ ਮੰਨਦੇ ਸਨ। ਹਿੰਦੂ ਤਹਿਜ਼ੀਬ ਭਾਰਤੀ ਤਹਿਜ਼ੀਬ ਹੈ, ਜਿਸ ਦੇ ਵਿਕਾਸ ਵਿਚ ਭਾਰਤ ਦੇ ਹਰੇਕ ਧਰਮ ਨੇ, ਹਰੇਕ ਵਰਗ ਨੇ ਤੇ ਹਰੇਕ ਫਿਰਕੇ ਨੇ ਹਿੱਸਾ ਲਿਆ। ਅਛੂਤ ਕਹੇ ਜਾਂਦੇ ਇਨਸਾਨਾਂ ਦਾ ਵੀ ਉਸਦੇ ਵਿਕਾਸ ਵਿਚ ਘੱਟ ਯੋਗਦਾਨ ਨਹੀਂ। ਅੱਜ ਬ੍ਰਾਹਮਣ ਅਤੇ ਉੱਚ ਜਾਤੀਏ ਆਪਣੇ ਆਪ ਨੂੰ ਵੱਡਾ ਤੇ ਅਛੂਤਾਂ ਨੂੰ ਛੋਟਾ ਭਾਵੇਂ ਪਏ ਆਖਣ, ਪਰ ਦੋਹਾਂ ਦੇ ਖੂਨ ਵਿਚ ਹੁਣ ਕੋਈ ਫਰਕ ਨਹੀਂ ਰਹਿ ਗਿਆ।

ਅੰਬੇਦਕਰ ਜਾਣਦੇ ਸਨ ਕਿ ਵਕਤ ਸਾਡੇ ਨਾਲ ਹੈ। ਬ੍ਰਾਹਮਣ ਸ਼ਾਹੀ ਦੀ ਹਨੇਰਗਰਦੀ ਬਹੁਤ ਦਿਨਾਂ ਤੱਕ ਨਹੀਂ ਚੱਲ ਸਕਦੀ। ਸਾਡਾ ਸਾਰਾ ਰਾਸ਼ਟਰ ਇਕ ਰਾਸ਼ਟਰ ਤੇ ਇਕ ਕੌਮ ਬਣਕੇ ਰਹੇਗਾ। ਇਸ ਲਈ ਕੱਲ੍ਹ ਨੂੰ ਖਤਮ ਹੋ ਜਾਣ ਵਾਲੀ ਵਿਵਸਥਾ ਲਈ ਸਾਨੂੰ ਭਾਰਤੀ ਤਹਿਜੀਬ ਨੂੰ ਨਹੀਂ ਸੁੱਟਣਾ ਚਾਹੀਦਾ। ਆਪਣੀ ਤਹਿਜੀਬ ਦੇ ਸਨੇਹ ਨੇ ਅੰਬੇਦਕਰ ਨੂੰ ਇਸਾਈ ਜਾਂ ਮੁਸਲਮਾਨ ਨਹੀਂ ਹੋਣ ਦਿੱਤਾ, ਬੇਸ਼ੱਕ ਦੋਹਾਂ ਵੱਲੋਂ ਉਨ੍ਹਾਂ ਨੂੰ ਆਪਣੇ ਵੱਲ ਲੈ ਜਾਣ ਦੇ ਬਹੁਤ ਯਤਨ ਹੋਏ ਸਨ।

ਅੰਬੇਦਕਰ ਨੇ ਨਿਸਚਾ ਕਰ ਲਿਆ ਸੀ- ਅਸੀਂ ਆਪਣੀ ਤਹਿਜ਼ੀਬ ਦੀ ਹੱਦ ਤੋਂ ਬਾਹਰ ਨਹੀਂ ਜਾਣਾ, ਪਰ ਨਾਲ ਹੀ ਬ੍ਰਾਹਮਣ ਸ਼ਾਹੀ ਦੇ ਸਾਹਮਣੇ ਸਿਰ ਨਹੀਂ ਝੁਕ-ਾਉਣਾ। ਆਰੀਆ ਸਮਾਜੀ ਬ੍ਰਾਹਮਣ ਤੋਂ ਦੂਰ ਨਹੀਂ ਸਨ, ਜੈਨੀਤੇ ਸਿੱਖ ਵੀ ਉਨ੍ਹਾਂ ਦੇ ਕਲਾਵੇ ਵਿਚ ਹੀ ਸਨ। ਇਨ੍ਹਾਂ ਧਰਮਾਂ ਦੇ ਪੈਰੋਕਾਰਾਂ ਦੀ ਨਜ਼ਰ ਵਿਚ ਅਛੂਤ ਅਛੂਤ ਹੀ ਸਨ। ਬੁੱਧ ਧਰਮ 'ਤੇ ਜਦੋਂ ਅੰਬੇਦਕਰ ਦੀ ਡੂੰਘੀ ਨਜ਼ਰ ਪਈ ਤਾਂ ਸੱਚਮੁਚ ਉਨ੍ਹਾਂ ਖੁਸ਼ ਹੋ ਕੇ ਕਿਹਾ- ''ਉਹ ਸ਼ੈਅ ਮਿਲ ਗਈ, ਜਿਸ ਨੂੰ ਮੈਂ ਲੱਭ ਰਿਹਾ ਸੀ। ਬਲਕਿ ਜਿੰਨਾ ਚਾਹੀਦਾ ਸੀ, ਉਸ ਤੋਂ ਵੀ ਵੱਧ ਮਾਤਰਾ ਵਿਚ ਮਿਲੀ।'

ਬੁੱਧ ਧਰਮ ਬਹੁਤ ਹੀ ਉਦਾਰ ਹੈ। ਸਮਾਜਿਕ ਨਜ਼ਰੀਏ ਤੋਂ ਉਹ ਵਰਣ ਵੰਡ, ਜਾਤ ਵੰਡ ਤੇ ਦੇਸ਼ ਵੰਡ ਨੂੰ ਨਹੀਂ ਮੰਨਦਾ। ਬੁੱਧ ਸਭ ਤੋਂ ਵੱਡੇ ਜਨ ਤੰਤਰਵਾਦੀ ਚਿੰਤਕ ਸਨ। ਉਨ੍ਹਾਂ ਆਪਣੇ ਭਿਕਸ਼ੂ ਸੰਘ ਨੂੰ ਬਿਲਕੁਲ ਗਣਤੰਤਰੀ ਵਿਵਸਥਾ 'ਤੇ ਕਾਇਮ ਕੀਤਾ। ਕਿਸੇ ਗੱਲ ਦੇ ਫੈਸਲੇ ਲਈ ਇਕ ਆਦਮੀ ਦੀ ਨਹੀਂ, ਸੰਘ ਦੀ ਰਾਏ ਜ਼ਰੂਰੀ ਮੰਨੀ ਜਾਂਦੀ। ਜਿੱਥੇ ਸਰਵ-ਸੰਮਤੀ ਨਾ ਹੁੰਦੀ ਉਥੇ ਬਹੁਮਤ ਨੂੰ ਫੈਸਲਾਕੁੰਨ ਸਮਝਿਆ ਜਾਂਦਾ ਸੀ। ਅੰਬੇਦਕਰ ਨੇ ਦੇਖਿਆ, ਜਿਸ ਜਨਤੰਤਰਤਾ ਹੇਠ ਦਲਿਤ ਵਰਗ ਦੇ ਉਪਰ ਉੱਠਣ ਦੀ ਸੰਭਾਵਨਾ ਹੈ, ਬੁੱਧ ਉਸਦੇ ਕੱਟੜ ਹਮਾਇਤੀ ਸਨ। ਇੰਨਾ ਹੀ ਨਹੀਂ ਬੁੱਧ ਨੇ ਆਰਥਿਕ ਖੇਤਰ ਵਿਚ ਵੀ ਜਨਤੰਤਰਤਾ ਨੂੰ ਮੁੱਖ ਰੱਖਿਆ, ਇਸੇ ਲਈ ਤਾਂ ਬੁੱਧ ਨੇ ਭਿਕਸ਼ੂ-ਭਿਕਸ਼ੂਣੀਆਂ ਨੂੰ ਨਿੱਜੀ ਜਾਇਦਾਦ ਰੱਖਣ ਤੇ ਰੋਕ ਲਗਾ ਦਿੱਤੀ ਸੀ। ਉਥੇ ਪੂਰੇ ਸਮਾਜਵਾਦ ਦੀ ਸਥਾਪਨਾ ਕੀਤੀ। ਸੰਘ ਵਿਚ ਚੰਡਾਲ ਹੋਵੇ ਜਾਂ ਬ੍ਰਾਹਮਣ ਦੋਹਾਂ ਵਿਚ ਕਿਸੇ ਤਰ੍ਹਾਂ ਦਾ ਫਰਕ ਜਾਂ ਭੇਦ ਭਾਵ ਵਰਤਣਾ ਵਰਜਿਤ ਸੀ।

ਬੁੱਧ ਧਰਮ ਵਿਚ ਸਮਾਜਿਕ ਨਾ-ਬਰਾਬਰੀ ਲਈ ਥਾਂ ਨਹੀਂ ਹੈ। ਉਹ ਆਰਥਿਕ ਨਾ-ਬਰਾਬਰੀ ਦਾ ਵੀ ਵਿਰੋਧੀ ਹੈ। ਇਹ ਗੱਲਾਂ ਸਨ ਜਿਹਨਾਂ ਨੇ ਬਾਬਾ ਸਾਹਿਬ ਦੇ ਹਿਰਦੇ ਨੂੰ ਟੁੰਬ ਲਿਆ ਤੇ ਉਹਨਾਂ ਵਰਗੇ ਮਹਾਨ ਤੇ ਵਿਚਾਰਸ਼ੀਲ ਪੁਰਸ਼ ਨੇ ਜਦੋਂ ਬੋਧੀ ਫਲਸਫਾ ਤੱਕਿਆ ਤਾਂ ਉਹ ਖੁਸ਼ੀ ਨਾਲ ਫੁੱਲੇ ਨਾ ਸਮਾਏ। ਆਪਣੇ ਖਿਆਲਾਂ ਦਾ ਜਾਂ ਆਪਣੇ ਵਰਗਾ ਕੋਈ ਸਾਥੀ ਨਾ ਵੀ ਮਿਲੇ ਤਾਂ ਵੀ ਉਡੀਕ ਕਰਨਾ ਠੀਕ ਨਹੀਂ। ਇਕੱਲੇ ਹੀ ਆਪਣੇ ਉਦੇਸ਼ ਦੀ ਪੂਰਤੀ ਲਈ ਚੱਲ ਪੈਣਾ ਚਾਹੀਦਾ ਹੈ। ਮੂਰਖ ਦੀ ਮਿੱਤਰਤਾ ਨਾਲੋਂ ਇਕੱਲ ਭਲੀ। (ਧੱਮਾਪਦ 'ਚੋਂ)

# ਬੁੱਧ ਧਰਮ ਤੇ ਭਾਰਤੀ ਸਮਾਜ

**ਭੰਤੇ ਆਨੰਦ ਕੌਸ਼ੱਲਿਆਨ**

ਬਹੁਤ ਸਾਰੇ ਲੋਕ ਅੱਜਕਲ੍ਹ ਇਹ ਕਹਿਣ ਲੱਗ ਪਏ ਹਨ ਕਿ ਧਰਮ ਆਦਮੀ ਦੀ ਨਿੱਜੀ ਮਾਮਲਾ ਹੈ। ਧਰਮ ਨੂੰ ਆਮ ਜੀਵਨ ਵਿਚ ਦਖਲ ਨਹੀਂ ਦੇਣਾ ਚਾਹੀਦਾ। ਇਹ ਗੱਲ ਦੂਜੇ ਧਰਮਾਂ ਬਾਰੇ ਤਾਂ ਠੀਕ ਵੀ ਹੋ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ, ਠੀਕ ਹੋਣ ਦੀ ਹੀ ਵੱਧ ਸੰਭਾਵਨਾ ਹੈ, ਪਰ ਬੁੱਧ ਧਰਮ ਉਤੇ ਇਹ ਬਿਲਕੁਲ ਲਾਗੂ ਨਹੀਂ ਹੁੰਦੀ, ਕਿਉਂਕਿ ਬੁੱਧ ਧਰਮ ਅਸਲ ਵਿਚ ਅਤੇ ਲਾਜ਼ਮੀ ਤੌਰ ਤੇ ਹੈ ਹੀ ਇਕ ਸਮਾਜਿਕ ਧਰਮ ਹੈ। ਭਗਵਾਨ ਬੁੱਧ ਦਾ ਧਰਮ ਜੇਕਰ ਸ਼ੀਲ (ਸਦਾਚਾਰ) ਦਾ ਸਾਕਾਰ ਰੂਪ ਨਹੀਂ ਤਾਂ ਕੁਝ ਵੀ ਨਹੀਂ ਹੈ। ਭਗਵਾਨ ਬੁੱਧ ਦੇ ਧਰਮ ਦਾ ਮਤਲਬ ਹੈ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ ਵਿਚ ਆਦਮੀ ਦੇ ਆਦਮੀ ਵਿਚਕਾਰ ਚੰਗੇ ਸਬੰਧ ਕਾਇਮ ਕਰਨਾ।

ਆਦਮੀ ਜੇ ਇਕੋ ਹੀ ਥਾਂ ਤੇ ਇਕੱਲਾ ਹੀ ਰਹਿੰਦਾ ਹੈ ਤਾਂ ਉਸ ਨੂੰ ਧਰਮ ਦੀ ਬਿਲਕੁਲ ਲੋੜ ਨਹੀਂ। ਪਰ ਜੇ ਇਕ ਤੋਂ ਵੱਧ ਆਦਮੀ ਕਿਸੇ ਇਕੋ ਥਾਂ ਰਹਿੰਦੇ ਹੋਣ ਤਾਂ ਉਹਨਾਂ ਵਿਚਾਲੇ ਆਪਸੀ ਰਿਸ਼ਤਾ ਕਾਇਮ ਕਰਨ ਲਈ ਧਰਮ ਜ਼ਰੂਰੀ ਹੈ। ਉਹ ਇਸ ਤੋਂ ਬਚ ਨਹੀਂ ਸਕਦੇ। ਧਰਮ ਇਕ ਸਮਾਜੀ ਲੋੜ ਹੀ ਨਹੀਂ, ਸੁਲਝੇ ਹੋਏ ਸਮਾਜ ਦੀ ਲਾਜ਼ਮੀ ਜ਼ਿੰਮੇਵਾਰੀ ਵੀ ਹੈ। ਇਸ ਲਈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਬੁੱਧ ਧਰਮ ਨੂੰ ਧਰਮ ਕਹਿੰਦਾ ਹੈ ਜਾਂ ਨਹੀਂ ਕਹਿੰਦਾ। ਮਹੱਤਤਾ ਦੀ ਗੱਲ ਤਾਂ ਇਹ ਸਮਝਣਾ ਹੈ ਕਿ ਕਿਸੇ ਵੀ ਸੁਲਝੇ ਹੋਏ ਸਮਾਜ ਦਾ ਕੋਈ ਬਿਨਾਂ ਧਰਮ (ਨੈਤਿਕਤਾ) ਤੋਂ ਚੱਲ ਹੀ ਨਹੀਂ ਸਕਦਾ।

ਜਦੋਂ ਭਗਵਾਨ ਬੁੱਧ ਆਪਣੇ ਵੇਲੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਦੇ ਸਨ ਤਾਂ ਉਨ੍ਹਾਂ ਦੀ ਸਭ ਤੋਂ ਵੱਧ ਖ਼ਤਰਨਾਕ ਆਲੋਚਨਾ, ਜਿਹੜੀ ਕੁਝ ਬ੍ਰਾਹਮਣ ਕਰਦੇ ਸਨ, ਉਹ ਇਹੋ ਸੀ ਕਿ ਇਹ ਸ਼੍ਰਮਣ ਗੌਤਮ ਪਿੰਡ ਪਿੰਡ ਜਾ ਕੇ ਇਹੋ ਆਖਦਾ ਫਿਰਦਾ ਹੈ ਕਿ ਸਾਰੇ ਵਰਣ ਸਮਾਨ ਰੂਪ ਨਾਲ ਸ਼ੁੱਧ ਹਨ ਜਾਂ ਉਹਨਾਂ ਵਿਚ ਸ਼ੁੱਧ ਹੋਣ ਦੀ ਸਮਾਨ ਹੈਸੀਅਤ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਬ੍ਰਾਹਮਣ ਨਾ-ਬਰਾਬਰੀ ਦੇ ਪੱਖੀ ਰਹੇ ਹਨ ਅਤੇ ਹੁਣ ਵੀ ਹਨ ਅਤੇ ਤਥਾਗਤ (ਭਗਵਾਨ ਬੁੱਧ) ਸੰਮਤਾ (ਬਰਾਬਰੀ) ਦੇ ਹਿਮੈਤੀ।

ਹਿੰਦੂ ਸਮਾਜ ਦਾ ਚਾਰ-ਵਰਣ ਸਿਸਟਮ ਨਾ ਸਿਰਫ ਨਾ ਬਰਾਬਰੀ ਤੇ ਹੀ ਕਾਇਮ ਰਿਹਾ ਹੈ ਬਲਕਿ ਉਸਦੀ ਨੀਂਹ ਦਰਜਾ ਵਾਰ ਨਾ-ਬਰਾਬਰੀ ਹੀ ਹੈ। ਦਰਜਾ ਵਾਰ ਨਾ-ਬਰਾਬਰੀ ਦਾ ਮਤਲਬ ਹੈ ਕਿ ਬ੍ਰਾਹਮਣ ਦੀ ਥਾਂ ਸਭ ਤੋਂ ਉੱਚੀ ਰਹੀ ਹੈ ਤੇ ਹੁਣ ਵੀ ਹੈ। ਖਤਰੀ ਦਾ ਦਰਜਾ ਬ੍ਰਾਹਮਣ ਤੋਂ ਨੀਵਾਂ ਪਰ ਵੈਸ਼ ਤੋਂ ਉੱਚਾ, ਵੈਸ਼ ਦਾ ਦਰਜਾ ਸ਼ੂਦਰ ਤੋਂ ਉੱਚਾ ਪਰ ਬ੍ਰਾਹਮਣ ਅਤੇ ਖਤਰੀ ਤੋਂ ਨੀਵਾਂ। ਸ਼ੂਦਰ ਵਿਚਾਰਾ ਸਦਾ ਹੀ ਇਸ ਹਿੰਦੂ ਸਮਾਜ ਦੀ ਪੌੜੀ ਦਾ ਆਖਰੀ ਤੇ ਸਭ ਤੋਂ ਹੇਠਲਾ ਪੌਡਾ ਬਣਿਆ ਰਿਹਾ ਹੈ। ਇਸ ਚੌਂਹ-ਵਰਨੇ ਸਮਾਜ ਦਾ ਇਕ ਖ਼ਤਰਨਾਕ, ਦੁਸ਼ਟਤਾ ਅਤੇ ਕਪਟ ਭਰਿਆ ਨਜ਼ਰੀਆ ਰਿਹਾ ਹੈ- ਸ਼ੂਦਰਾਂ ਨੂੰ ਸਿੱਖਿਆ ਤੋਂ ਵਾਂਝੇ ਰੱਖਿਆ ਜਾਏ। ਕੋਈ ਵੀ ਬ੍ਰਾਹਮਣ ਹਰ ਤਰ੍ਹਾਂ ਦੀ ਸਿੱਖਿਆ ਲੈ ਸਕਦਾ ਸੀ। ਖਤਰੀ ਮੁੱਖ ਰੂਪ ਵਿਚ ਯੁੱਧ-ਹਥਿਆਰਾਂ ਬਾਰੇ ਸਿੱਖਿਆ ਲੈ ਸਕਦਾ ਸੀ। ਵੈਸ਼ ਵਪਾਰਕ ਸਿੱਖਿਆ ਲੈ ਸਕਦਾ ਸੀ। ਪਰ ਜਿੱਥੋਂ ਤੱਕ ਸ਼ੂਦਰ ਦਾ ਸਬੰਧ ਸੀ, ਉਹ ਕਿਸੇ ਵੀ ਤਰ੍ਹਾਂ ਦੀ ਸਿੱਖਿਆ ਨਹੀਂ ਲੈ ਸਕਦਾ ਸੀ।

ਸਿਰਫ ਸ਼ੂਦਰਾਂ ਨੂੰ ਹੀ ਸਿੱਖਿਆ ਤੋਂ ਵਾਂਝਾ ਨਹੀਂ ਰੱਖਿਆ ਗਿਆ ਸੀ ਜਾਤ, ਨਿਰਪੱਖ ਸਾਰੀਆਂ ਔਰਤਾਂ ਨੂੰ ਵੀ ਵਿੱਦਿਆ ਹਾਸਲ ਕਰਨ ਤੋਂ ਵਾਂਝਾ ਰੱਖਿਆ ਗਿਆ ਸੀ। ਇਹੋ ਕਾਰਨ ਹੈ ਕਿ ਹਿੰਦੂ ਸਮਾਜ ਦੇ ਚੌਂਹ-ਵਰਣ ਆਦਰਸ਼ ਮੁਤਾਬਕ ਭਾਰਤ ਦੀ ਜਨਤਾ ਦਾ ਅੱਧੇ ਨਾਲੋਂ ਕਿਤੇ ਵੱਧ ਹਿੱਸਾ ਸਿੱਖਿਆ ਤੋਂ ਬਿਲਕੁਲ ਵਾਂਝਾ ਰਿਹਾ; ਹਿੰਦੂ ਸਮਾਜ ਦੀ ਇਸ ਚੌਂਹ-ਵਰਣੀ ਵੰਡ ਦੀ ਸਭਤੋਂ ਵੱਧ ਖ਼ਤਰਨਾਕ ਗੱਲ ਇਹ ਹੈ ਕਿ ਇਹ ਜਨਮ ਤੋਂ ਮਰਨ ਤੱਕ ਜਾਰੀ ਰਹਿਣ ਵਾਲੀ ਵੰਡ ਹੈ। ਇਕ ਵਾਰ ਬ੍ਰਾਹਮਣ ਦੇ ਘਰ ਜੰਮ ਪਿਆ, ਮਰਨ ਤੱਕ ਬ੍ਰਾਹਮਣ ਭਾਵੇਂ ਕਿੰਨਾ ਵੀ ਭਿਆਨਕ ਪਾਪ ਕਿਉਂ ਨਾ ਕਰੇ। ਇਕ ਵਾਰ ਸ਼ੂਦਰ ਹਮੇਸ਼ਾ ਲਈ ਸ਼ੂਦਰ, ਭਾਵੇਂ ਉਹ ਕਿੰਨਾ ਵੀ ਵੱਡਾ ਪੁੰਨ ਦਾ ਕੰਮ ਕਿਉਂ ਨਾ ਕਰੇ, ਸ਼ੂਦਰ ਹੀ ਰਹੇਗਾ।

ਭਾਰਤੀ ਸਮਾਜ ਦੀ ਅਜਿਹੀ ਨਾ-ਬਰਾਬਰੀ ਦੀ ਹਾਲਤ ਵਿਚ ਭਗਵਾਨ ਬੁੱਧ ਦਾ ਧਰਮ ਹੀ ਮਹਾਨ ਸੇਵਾ ਕਰ ਸਕਦਾ ਹੈ। ਬੁੱਧ ਧਰਮ ਵਿਅਕਤੀ ਦੇ ਸਵੈ-ਵਿਕਾਸ ਲਈ ਮਾਨਵ ਵੱਲੋਂ ਮਿੱਥਿਆ ਗਿਆ ਸਭ ਤੋਂ ਵਧੀਆ ਸਾਧਨ ਹੈ। ਜੇ ਆਦਮੀ ਇਸ ਨੂੰ ਅਪਣਾ ਲਵੇ ਤਾਂ ਉਸ ਨੂੰ ਫਿਰ ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ।

# ਈਸਾਈ ਧਰਮ ਅੰਗਰੇਜ਼ ਨੇ ਭਾਰਤ ਵਿੱਚ ਫੈਲਾਇਆ?

ਜਲੰਧਰ-(ਜੋਰਜ) ਕਰਿਸਚੀਅਨ ਇੰਟਲੈਕਚੁਅਲ ਫੋਰਮ ਦੇ ਤਿੰਨ ਮੈਂਬਰਾਂ ਦੀ ਇੱਕ ਬੜੀ ਅਹਿਮ ਗੈਰ ਰਸਮੀ ਮੀਟਿੰਗ ਮੈਂਬਰ ਜੋਹਨਸਨ ਹੀਰਾ ਲਾਲ ਦੇ ਨਿਵਾਸ ਅਸਥਾਨ ਤੇ ਹੋਈ ਜਿਸ ਵਿੱਚ ਸ਼੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ ਨੇ ਕਿਹਾ ਕਿ ਭਾਰਤ ਵਿੱਚ ਸੈਕੁਲਰਿਜ਼ਮ ਵਿਰੋਧੀ ਸ਼ਕਤੀਆਂ ਈਸਾਈਆਂ ਵਿਰੁਧ ਦੋ ਤਰ੍ਹਾਂ ਦੇ ਵਿਚਾਰ ਬਹੁਤ ਵੱਡੇ ਪੈਮਾਨੇ ਤੇ ਫੈਲਾਉਣ ਵਿੱਚ ਸਫਲ ਹੋਈਆਂ ਹਨ (1) ਭਾਰਤ ਵਿੱਚ ਈਸਾਈ ਧਰਮ ਦਾ ਫੈਲਾਓ ਅੰਗਰੇਜ਼ ਨੇ ਆਪਣੀ ਸਰਕਾਰ ਦੀਆਂ ਜੜ੍ਹਾਂ ਇਸ ਦੇਸ਼ ਵਿੱਚ ਮਜਬੂਤ ਕਰਨ ਲਈ ਕੀਤਾ। (2) ਅੱਜ ਵੀ ਈਸਾਈ ਬਾਹਰਲੇ ਪੈਸੇ ਦੇ ਜ਼ੋਰ ਨਾਲ ਲਾਲਚ ਨਾਲ ਧਰਮ ਪਰਿਵਰਤਨ ਕਰਕੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਦੇ ਯਤਨਾਂ ਵਿੱਚ ਲੱਗੇ ਹੋਏ ਹਨ।

ਜਿੰਨਾ ਚਿਰ ਇੰਨ੍ਹਾਂ ਦੋਹਾਂ ਮੁਦਿਆਂ ਦੀ ਸਚਾਈ ਲੋਕਾਂ ਅੱਗੇ ਪੇਸ਼ ਨਹੀਂ ਕੀਤੀ ਜਾਂਦੀ ਤਦ ਤਕ ਇਸ ਦੇਸ਼ ਵਿੱਚ ਈਸਾਈਆਂ ਦਾ ਅਕਸ ਨਹੀਂ ਸੁਧਰ ਸਕਦਾ ਅਤੇ ਈਸਾਈਆਂ ਲਈ ਤਰੱਕੀ ਦੇ ਦਰਵਾਜ਼ੇ ਨਹੀਂ ਖੁਲ ਸਕਦੇ। ਖੁਦਾਈ ਖਿਦਮਤਗਾਰ ਨੇ ਕਿਹਾ ਕਿ ਇਹ ਦੋਵੇਂ ਹੀ ਗੱਲਾਂ ਝੂਠ ਦਾ ਪੁਲੰਦਾ ਹੋਣ ਦੇ ਬਾਵਜੂਦ ਅਜ ਇਸ ਦੇਸ਼ ਵਿੱਚ ਸੱਚੀਆਂ ਮੰਨੀਆਂ ਜਾ ਰਹੀਆਂ ਹਨ। ਇਸ ਕਰਕੇ ਹੀ ਜਦ ਈਸਾਈਆਂ ਦੇ ਧਾਰਮਿਕ ਸਮਾਗਮਾਂ ਅਤੇ ਈਸਾਈ ਸੰਸਥਾਵਾਂ ਤੇ ਹਮਲੇ ਹੁੰਦੇ ਹਨ ਤਾਂ ਕੋਈ ਵੀ ਈਸਾਈਆਂ ਦੀ ਮਦਦ ਲਈ ਅੱਗੇ ਨਹੀਂ ਆਉਂਦਾ। ਉੜੀਸਾ, ਕਰਨਾਟਕ, ਗੁਜਰਾਤ ਤੇ ਮੱਧ ਪ੍ਰਦੇਸ਼ ਦੀਆਂ ਮਿਸਾਲਾਂ ਸਾਡੇ ਸਾਮ੍ਹਣੇ ਹਨ। ਪੰਜਾਬ ਇੱਕ ਸਿੱਖ ਬਹੁ-ਗਿਣਤੀ ਵਾਲਾ ਸੂਬਾ ਹੈ, ਜੋ ਕਿ ਬਹੁਤ ਲਿਬਰਲ ਹਨ, ਪਰ ਸਿੱਖਾਂ ਦੇ ਕੋਲ ਵੀ ਈਸਾਈ ਆਪਣਾ ਪੱਖ ਸਪਸ਼ਟ ਨਹੀਂ ਕਰ ਸਕੇ। ਉੜੀਸਾ ਵਿੱਚ ਗ੍ਰਾਮ ਸਟੇਨਜ਼ ਤੇ ਉਸਦੇ ਨੰ ਨਿੱਕੇ ਨਿੱਕੇ ਬੱਚਿਆਂ ਨੂੰ ਜ਼ਿੰਦਾ ਜਲ੍ਹਾ ਦਿੱਤੇ ਜਾਣ ਤੇ ਇੱਕ ਅਕਾਲੀ ਵਫਦ ਉੜੀਸਾ ਗਿਆ, ਜਿਸ ਨੇ ਉਥੋਂ ਵਾਪਸ ਆ ਕੇ ਬਾਕਇਦਾ ਪ੍ਰੈਸ ਕਾਨਫਰੰਸ ਕਰਕੇ ਇਹ ਬਿਆਨ ਦਿੱਤਾ ਕਿ ਕਸੂਰ ਈਸਾਈਆਂ ਦਾ ਹੀ ਸੀ ਅਤੇ ਇਹ ਬਿਆਨ ਦੇਣ ਵਾਲਿਆਂ ਨੂੰ ਈਸਾਈ ਹੁਣ ਤੱਕ ਵੋਟਾਂ ਪਾ ਕੇ ਤਾਜੋ ਤਖਤ ਦੇ ਮਾਲਕ ਬਣਾਉਂਦੇ ਚਲੇ ਆ ਰਹੇ ਹਨ। ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਜਦ ਜਦ ਵੀ ਈਸਾਈ ਧਾਰਮਿਕ ਸਮਾਗਮਾਂ ਉੱਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਬੇਨਤੀ ਕੀਤੀ ਗਈ ਤਾਂ ਉਹ ਗੱਲ ਆਨੇ ਬਹਾਨੇ ਟਾਲ ਜਾਂਦੇ ਹਨ। ਖੁਦਾਈ ਖਿਦਮਤਗਾਰ ਨੇ ਇਸ ਗੱਲ ਤੇ ਡੂੰਘਾ ਦੁਖ ਪ੍ਰਗਟ ਕੀਤਾ ਕਿ ਜਿੰਨ੍ਹਾਂ ਈਸਾਈ ਲੀਡਰਾਂ ਦੀ ਇਹ ਜ਼ਿੰਮੇਵਾਰੀ ਸੀ ਕਿ ਉਹ ਕੌਮ ਦੇ ਅਕਸ ਉੱਤੇ ਹੋ ਰਹੇ ਹਮਲਿਆਂ ਦਾ ਜਵਾਬ ਆਮ ਜਨਤਾ ਨੂੰ ਦੇ ਕੇ ਈਸਾਈਆਂ ਦੇ ਅਕਸ ਦੀ ਰਖਿਆ ਕਰਦੇ, ਉਨ੍ਹਾਂ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ ਬਲਕਿ ਉਹ ਉਨ੍ਹਾਂ ਲੋਕਾਂ ਦੀਆਂ ਲੱਤਾਂ ਖਿਚਦੇ ਰਹਿੰਦੇ ਹਨ ਜੋ ਈਸਾਈਆਂ ਦੇ ਅਕਸ ਦੀ ਰਾਖੀ ਆਪਣੇ ਸੀਮਤ ਸਾਧਨਾਂ ਨਾਲ ਰੱਖਿਆ ਕਰਦੇ ਹਨ, ਇਥੋਂ ਤੱਕ ਕਿ ਖੁਦਾ ਦੇ ਘਰ ਤੇ ਕਬਰਿਸਤਾਨ ਵੇਚਣ ਵਾਲੇ ਵੀ ਉਨ੍ਹਾਂ ਦਾ ਅਕਸ ਵਿਗਾੜਦੇ ਰਹਿੰਦੇ ਹਨ।

# ਛੇ ਘੰਟਿਆ ਦੀ ਯਿਸੂ ਮਸੀਹ ਦੇ ਜੀਵਨ ਤੇ ਬਣੀ ਹਿੰਦੀ ਫਿਲਮ

(ਬੈਂਜਮਿਨ ਕਰਮ ਚੰਦ) -ਜੇਕਰ ਕੋਈ ਇਨਸਾਨ ਚੰਗਾ ਕੰਮ ਕਰਨ ਨੂੰ ਦਿਲ ਧਾਰ ਲਏ ਤਾਂ ਉਹ ਉਸ ਬਾਰੇ ਲਗਾਤਾਰ ਕੋਸ਼ਿਸ਼ ਜਾਰੀ ਰੱਖੇ ਤੇ ਫਿਰ ਉਸਦਾ ਕਦੇ ਸਪਨਾ ਸਾਕਾਰ ਹੋ ਹੀ ਜਾਂਦਾ ਹੈ। ਇਸ ਪ੍ਰਕਾਰ ਇਕ ਪ੍ਰੀਸਟ ਦਾ ਖੁਦਾਵੰਦ ਯਿਸੂ ਮਸੀਹ ਦੀ ਜ਼ਿੰਦਗੀ ਤੇ ਅਧਾਰਿਤ ਫਿਲਮ ਬਣਾਉਣ ਦਾ ਦਰਸ਼ਨ ਸੀ। ਜਦੋਂ ਉਹ ਸੈਮਨਰੀ ਵਿੱਚ ਥੀਉਲੋਜੀ ਵਿਦਿਆਰਥੀ ਸਨ। ਸੋ ਹੁਣ ਇਨ੍ਹਾਂ ਨੇ ਇੱਕ ਛੇ ਘੰਟਿਆਂ ਦੀ ਹਿੰਦੀ ਵਿੱਚ ਵੀਡੀਓ ਸੀ.ਡੀ. ਯਿਸੂ ਮਸੀਹ ਦੇ ਜੀਵਨ 'ਤੇ ਅਧਾਰਿਤ ਫਿਲਮ ਬਣਾਈ ਅਤੇ ਜੋ 2 ਦਿਸੰਬਰ 2012 ਨੂੰ ਇੰਦੋਰ ਮੱਧ ਪ੍ਰਦੇਸ਼ ਵਿੱਚ ਰਲੀਜ਼ ਹੋਈ ਹੈ। ਇਸ ਦਾ ਨਾਮ ਕ੍ਰਿਸਤਾਅਨ (ਯਿਸੂ ਦੀ ਯਾਤਰਾ) ਇਹ ਫਿਲਮ ਇੱਕ ਕੈਥੋਲਿਕ ਪ੍ਰੀਸਟ ਦੀ ਸਰਪ੍ਰਸਤੀ ਹੇਠ ਬਣੀ ਹੈ। ਇਸ ਕਹਾਣੀ ਦੀ ਸਕਰਿਪਟ ਫਾਦਰ ਜੋਰਜ ਨੇ ਤਿਆਰ ਕੀਤੀ ਹੈ। ਫਿਲਮ ਦਾ ਜ਼ਿਆਦਾ ਹਿੱਸਾ ਮੱਧ ਪ੍ਰਦੇਸ਼ ਵਿੱਚ ਬਣਿਆ ਹੈ। ਪਰੰਤੂ ਫਿਲਮੀ ਟੀਮ ਦੇ ਅਦਾਕਾਰਾਂ ਨੇ ਦਸ ਪ੍ਰਾਂਤਾਂ ਦੀ ਯਾਤਰਾ ਵੀ ਕੀਤੀ ਹੈ ਜਿਸ ਵਿੱਚ ਭਾਰਤ ਦੇ ਉੱਤਰੀ ਪੂਰਵੀ ਇਲਾਕੇ ਵੀ ਸ਼ਾਮਲ ਹਨ। ਟੀਮ ਵਿੱਚ ਕੰਮ ਕਰਨ ਵਾਲੇ ਸਾਇੰਸਦਾਨ, ਪ੍ਰੋਫੈਸਰ, ਡਾਕਟਰ, ਟੀਚਰ, ਸੋਸ਼ਲ ਐਕਟੀਵਿਟੀ, ਕਿਸਾਨ, ਐਥੀਸਟਸ, ਸਟੂਡੈਂਟਸ, ਪੱਤਰਕਾਰ, ਪ੍ਰੀਸਟ ਅਤੇ ਧਾਰਮਿਕ ਭੈਣਾਂ ਆਦਿ ਸ਼ਾਮਲ ਹਨ। ਇਹ ਫਿਲਮ ਭਾਰਤੀ ਸਭਿਆਚਾਰ ਨੂੰ ਧਿਆਨ ਵਿੱਚ ਰੱਖਦਿਆਂ ਚੰਗੇ ਗੀਤਕਾਰ ਅਤੇ ਭਾਰਤੀ ਸੰਗੀਤ ਮੁਤਾਬਿਕ ਤਿਆਰ ਕੀਤੀ ਗਈ ਹੈ। ਇਸ ਵਿੱਚ 80 ਫੀਸਦੀ ਆਰਟਿਸਟ ਜਿਹੜੇ "ਫਰੈਂਡਸ ਆਫ ਜੀਜਸ'' ਯਿਸੂ ਦੇ ਦੋਸਤ ਜੋ ਦੂਸਰੇ ਧਰਮਾਂ ਚੋਂ ਹਨ ਉਨ੍ਹਾਂ ਨੇ ਵੀ ਇਸ ਵਿੱਚ ਕੰਮ ਕੀਤਾ ਹੈ। ਯਿਸੂ ਮਸੀਹ ਦਾ ਰੋਲ ਇੱਕ ਹਿੰਦੂ ਨੌਜਵਾਨ ਅਦਾਕਾਰ ਅੰਕਿਤ ਸ਼ਰਮਾ ਨੇ ਕੀਤਾ ਹੈ। ਇਸ ਫਿਲਮ ਨੂੰ ਤਿਆਰ ਕਰਨ ਵਿੱਚ ਸਤ ਸਾਲਾਂ ਦਾ ਸਮਾਂ ਲੱਗਾ ਹੈ। ਦੋ ਸੌ ਅਦਾਕਾਰਾਂ ਨੇ ਇਸ ਵਿੱਚ ਕੰਮ ਕੀਤਾ ਹੈ। ਹੁਣ ਫਿਲਮ ਦੁਆਰਾ ਲੋਕ ਇਨ੍ਹਾਂ ਨੂੰ ਈਸਾਈ ਜਗਤ ਵਿੱਚ ਵੀ ਜਾਨਣ ਲੱਗ ਪੈਣਗੇ। ਇਹ ਵੀ ਉਮੀਦ ਹੈ ਕਿ ਪਹਿਲਾਂ ਬਣੀਆਂ ਭਾਰਤੀ ਫਿਲਮਾਂ ਵਿੱਚੋਂ ਇਹ ਕਾਫੀ ਮਸ਼ਹੂਰ ਹੋਵੇਗੀ ਕਿਉਂਕਿ ਇਹ ਇੱਕ ਜਨੂੰਨ ਦੁਆਰਾ ਬਣੀ ਹੈ ਅਤੇ ਕਾਫੀ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਜੋ ਇਹ ਇੱਕ ਹਿੰਦੀ ਪ੍ਰਾਂਤ ਵਿੱਚ ਤਿਆਰ ਹੋਈ ਹੈ। ਪਹਿਲਾਂ ਮਸੀਹੀ ਫਿਲਮਾਂ ਦੱਖਣੀ ਭਾਰਤ ਦੀਆਂ ਬਣੀਆਂ ਹੋਈਆਂ ਸਨ। ਪਰ ਹੁਣ ਭਵਿੱਖ ਵਿੱਚ ਚੰਗੀਆਂ ਮਸੀਹੀ ਫਿਲਮਾਂ ਬਣਨ ਦੀ ਆਸ ਬੱਝੀ ਹੈ। ਅਜਿਹੀਆਂ ਫਿਲਮਾਂ ਬਣਾਉਣਾ ਵੀ ਖੁਦਾ ਦੀ ਖਿਦਮਤ ਦਾ ਹਿੱਸਾ ਹੈ। ਚਰਚ ਨੂੰ ਮਸੀਹੀ ਫਿਲਮਾਂ ਬਣਾਉਣ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਅੱਜ ਵਧੀਆ ਤੋਂ ਵਧੀਆ ਫਿਲਮਾਂ ਬਣਾਉਣ ਦਾ ਦੌਰ ਚਲ ਰਿਹਾ ਹੈ। ਪਰੰਤੂ ਲੋਕਾਂ ਦਾ ਭਵਿੱਖ ਵਿੱਚ ਮਸੀਹੀ ਫਿਲਮਾਂ ਬਣਾਉਣ ਵੱਲ ਵੀ ਧਿਆਨ ਜ਼ਰੂਰ ਜਾਵੇਗਾ।

# ਗੁਰਦਵਾਰਾ ਸਿਲੀਕਾਨ ਵੈਲੀ, ਸੈਂਟਾ ਕਲਾਰਾ ਵਿਖੇ ਧਾਰਮਿਕ ਕਵੀ ਦਰਬਾਰ




ਸੈਂਟਾ ਕਲਾਰਾ- ਬੀਤੇ ਐਤਵਾਰ 12 ਮਈ 2013 ਨੂੰ ਕੈਲੇਫ਼ੋਰਨੀਆ ਦੇ ਸ਼ਹਿਰ ਸੈਂਟਾ ਕਲਾਰਾ ਵਿਚ 'ਗੁਰਦਵਾਰਾ ਸਿਲੀਕਾਨ ਵੈਲੀ' ਵਿੱਖੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਅਤੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਸਾਂਝੇ ਸਹਿਯੋਗ ਨਾਲ ਇੱਕ ਧਾਰਮਿਕ ਕਵੀ- ਦਰਬਾਰ ਦਾ ਆਯੋਜਨ ਕੀਤਾ ਗਿਆ। ਜਿਨ੍ਹਾਂ ਕਵੀਆਂ ਨੇ ਇਸ ਵਿੱਚ ਸ਼ਿਰਕਤ ਕੀਤੀ ਉਨ੍ਹਾਂ ਵਿੱਚ ਡਾ. ਗੁਰਮੀਤ ਸਿੰਘ ਬਰਸਾਲ, ਪ੍ਰੋ. ਦਵਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ, ਪ੍ਰੋ. ਸੁਰਜੀਤ ਸਿੰਘ ਨਨੂਆ, ਤਰਸੇਮ ਸਿੰਘ ਸੁਮਨ, ਕੁਲਦੀਪ ਸਿੰਘ ਢੀਂਡਸਾ ਅਤੇ ਬੀਬੀ ਗੁਰਦੇਵ ਕੌਰ ਦੇ ਨਾਂ ਸ਼ਾਮਿਲ ਹਨ। ਗੁਰਦਵਾਰਾ ਸਾਹਿਬ ਦੇ ਪ੍ਰਧਾਨ ਸ. ਗੁਰਿੰਦਰ ਸਿੰਘ ਢਿੱਲੋਂ ਵੱਲੋ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਾਰਾਮ ਜਾਰੀ ਰੱਖਣ ਦਾ ਭਰੋਸਾ ਦਿਵਾਇਆ ਗਿਆ।

# ਪੰਜਾਬੀ ਸਾਹਿਤ ਸਭਾ ਦੀ ਤ੍ਰੈ-ਮਾਸਿਕ ਮੀਟਿੰਗ 27 ਮਈ ਨੂੰ


ਦਲਵੀਰ 'ਦਿਲ' ਨਿੱਝਰ

ਕੈਲੀਫੋਰਨੀਆ- ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਲਵੀਰਜ 'ਦਿਲ' ਨਿੱਜਰ ਨੇ ਇਸ ਨੂੰ ਭੇਜੀ ਇਕ ਰਿਲੀਜ਼ ਰਾਹੀਂ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਦੀ ਤ੍ਰੈ-ਮਾਸਿਕ ਮੀਟਿੰਗ ਆਗਾਮੀ 27 ਮਈ ਦਿਨ ਸੋਮਵਾਰ ਨੂੰ ਦੁਪਹਿਰ 2 ਤੋਂ 5 ਵਜੇ ਤੱਕ 8221 ਟਰੀਸਟ ਸੀਟੀ ਐਂਟੋਲੋਪ ਕੈਲੀਫੋਰਨੀਆ- 95843 ਵਿਖੇ ਹੋਵੇਗੀ। ਇਸ ਮੀਟਿੰਗ ਵਿਚ ਪ੍ਰਸਿੱਧ ਨਾਵਲਕਾਰ ਇੰਦਰ ਸਿੰਘ ਖਾਮੋਸ਼ ਦਾ ਨਵਾਂ ਨਾਵਲ ਵੀ ਰਿਲੀਜ਼ ਕੀਤਾ ਜਾਵੇਗਾ ਅਤੇ ਦੋ ਪਰਚੇ ਵੀ ਪੜ੍ਹੇ ਜਾਣਗੇ। ਸਮੇਂ ਅਨੁਸਾਰ ਕਵਿਤਾਵਾਂ ਅਤੇ ਕਹਾਣੀਆਂ ਦਾ ਦੌਰ ਚੱਲੇਗਾ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਸਾਰੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਇਸ ਮੌਕੇ ਸ਼ਾਮਲ ਹੋਣ ਦਾ ਨਿੱਘਾ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ 916-628-2210 ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਧਾਨ ਵੱਲੋਂ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

# ਸਾਡੇ ਘਰ ਆਈ ਇਕ ਨੰਨੀ ਜਿਹੀ ਪਰੀ



ਸਾਡੇ ਘਰ ਆਈ ਇਕ ਨੰਨੀ ਜਿਹੀ ਪਰੀ,
ਤੱਕ ਤੱਕ ਰੱਜਦਾ ਨੀ ਦਿਲ ਜਿਸ ਨੂੰ।
ਕਦੇ ਕਦੇ ਲੱਗਦੀ ਏ ਬਾਵਾ ਰੂੰਈ ਦਾ,
ਕਦੇ ਤੱਕਾਂ ਜਾਣ ਕੇ ਮੈਂ ਖਿੱਲ ਜਿਸ ਨੂੰ।
ਮਖਮਲੀ ਹੱਥਾਂ ਨਾਲ ਕਦੇ ਛੋਂਹਦੀ ਹੈ,
ਮੋਹ ਭਰੀ ਤੱਕਣੀ ਵੀ ਮਨ ਮੋਂਹਦੀ ਹੈ,
ਹੱਸਦੀ ਤਾਂ ਜਾਵੇ ਸਾਡਾ ਸੀਨਾ ਠਾਰਦੀ,
ਰੋਂਦੀ ਦੇਖ ਅਸੀਂ ਜਾਈਏ ਹਿੱਲ ਜਿਸਨੂੰ। ਸਾਡੇ ਘਰ ਆਈ...।
ਬਣਿਆ ਨਿਆਣਾ ਕੱਲਾ ਕੱਲਾ ਜੀਅ ਏ,
ਉਹਦੇ ਬਿਨਾਂ ਘਰ ਵਿਚ ਕੰਮ ਕੀ ਏ,
ਰੱਖਦੇ ਫਿਕਰ ਬੱਸ ਉਹਦਾ ਸਾਰੇ ਹੀ,
ਕਿਹੜੀ ਘੜੀ ਜਾਈਏ ਕਹਿਣ ਮਿਲ ਜਿਸਨੂੰ। ਸਾਡੇ ਘਰ ਆਈ...।
ਉਂਝ ਭਾਵੇਂ ਪੁੱਤਾਂ ਦੇ ਤਾਂ ਚਾਅ ਵੱਖ ਨੇ,
ਸੋਨੂੰ ਸਾਨੂੰ ਧੀ ਤੋਂ ਵੀ ਉਮੀਦਾਂ ਲੱਖ ਨੇ,
ਨਾਂ ਚਮਕਾਵੇ ਦੇਸ਼ ਦਾ ਜੋ ਅੰਬਰੀਂ,
ਤੱਕਾਂ ਕਰਦੀ ਮੈਂ ਝਿਲ-ਮਿਲ ਜਿਸਨੂੰ। ਸਾਡੇ ਘਰ ਆਈ...।

**-ਜਸਵੰਤ ਸੋਨੂੰ**

# ਸਪੋਰਟਸ ਕਲੱਬ ਲੁਧਿਆਣਾ ਦੀ ਟੀਮ ਨੇ ਬਲਿਊ ਕਲੱਬ ਨੂੰ ਹਰਾ ਕੇ ਕੀਤਾ ਸੈਮੀ ਫਾਈਨਲ 'ਚ ਪ੍ਰਵੇਸ਼

## ਖਿਡਾਰੀ ਆਪਣੀ ਖੇਡ ਤੇ ਦੇਸ਼ ਪ੍ਰਤੀ ਇਮਾਨਦਾਰ ਰਹਿਣ - ਸੈਂਹਬੀ



ਫਗਵਾੜਾ (ਬੀ. ਕੇ. ਰੱਤੂ) ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਲੋਕ ਨਾਇਕ ਸ਼ਹੀਦ -ਏ-ਆਜ਼ਮ ਸ੍ਰ. ਭਗਤ ਸਿੰਘ ਯਾਦਗਾਰੀ 11 ਵਾਂ ਸਵਰਗੀ ਪ੍ਰਕਾਸ਼ ਚੰਦ ਮੱਲਹਣ ਨੂੰ ਸਮਰਪਿਤ ਟਵੰਟੀ- ਟਵੰਟੀ ਕ੍ਰਿਕਟ ਟੂਰਨਾਮੈਂਟ ਲੜੀ ਤਹਿਤ ਤੀਸਰਾ ਕੁਆਟਰ ਫਾਈਨਲ ਮੈਚ ਸਪੋਰਟਸ ਕਲੱਬ ਲੁਧਿਆਣਾ ਅਤੇ ਜਲੰਧਰ ਬਲਿਊ ਵਿਚਕਾਰ ਮੈਚ ਸ਼੍ਰੀ ਮਹਾਂਵੀਰ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਰੋਡ ਫਗਵਾੜਾ ਦੀ ਗਰਾਊਂਡ ਵਿਖੇ ਖੇਡਿਆ ਗਿਆ। ਸਪੋਰਟਸ ਕਲੱਬ ਲੁਧਿਆਣਾ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 20 ਉਵਰਾਂ 'ਚ 9 ਵਿਕਟਾਂ ਗਵਾ ਕੇ 162 ਦੌੜਾਂ ਬਣਾਈਆਂ । ਟੀਚੇ ਦਾ ਪਿੱਛਾ ਕਰਦਿਆਂ ਜਲੰਧਰ ਬਲਿਊ ਦੀ ਪੂਰੀ ਟੀਮ 17.1 ਉਵਰਾਂ ਵਿੱਚ 93 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਲੁਧਿਆਣਾ ਦੀ ਟੀਮ ਨੇ ਇਹ ਮੈਚ 69 ਸਕੋਰਾਂ ਨਾਲ ਜਿੱਤ ਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਸਪੋਰਟਸ ਕਲੱਬ ਲੁਧਿਆਣਾ ਦੀ ਟੀਮ ਦੇ ਖਿਡਾਰੀ ਕਰਨ ਭੱਟੀ ਨੂੰ ਸ਼ਾਨਦਾਰ 21 ਦੌੜਾਂ ਬਣਾਉਣ ਅਤੇ 3 ਵਿਕਟਾਂ ਲੈਣ ਤੇ ਉਸ ਨੂੰ ਮੈਨ ਆਫ਼ ਦਾ ਮੈਚ ਦਿੱਤਾ ਗਿਆ। ਇਸ ਮੈਚ ਦੌਰਾਨ ਮੁੱਖ ਮਹਿਮਾਨ ਵਜੋਂ ਜਸਵੰਤ ਸਿੰਘ ਸੈਂਹਬੀ ਸਾਬਕਾ ਪ੍ਰਧਾਨ ਸ਼੍ਰੀ ਵਿਸ਼ਵਕਰਮਾ ਧੀਮਾਨ ਸਭਾ ਫਗਵਾੜਾ ਨੇ ਪਹੁੰਚ ਕੇ ਦੋਨੇਂ ਟੀਮਾਂ ਦੇ ਖਿਡਾਰੀਆਂ ਨਾਲ ਜਾਣ ਪਛਾਣ ਉਪਰੰਤ ਆਪਣੇ ਸੰਬੋਧਨ 'ਚ ਕਿਹਾ ਕਿ ਖਿਡਾਰੀਆਂ ਨੂੰ ਆਪਣੀ ਖੇਡ ਅਤੇ ਦੇਸ਼ ਪ੍ਰਤੀ ਇਮਾਨਦਾਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਆਈ.ਪੀ.ਐਲ. ਦੇ ਕੁਝ ਖਿਡਾਰੀਆਂ ਨੇ ਸਪਾਟ ਫਿਕਸਿੰਗ 'ਚ ਸ਼ਾਮਿਲ ਹੋ ਕੇ ਦੇਸ਼ ਦੇ ਲੋਕਾਂ ਦੇ ਵਿਸਵਾਸ਼ ਨੂੰ ਸੱਟ ਮਾਰੀ ਹੈ। ਇਸ ਸ਼ਰਮਨਾਕ ਘਟਨਾ ਨਾਲ ਹਰ ਖਿਡਾਰੀ ਤੇ ਟੀਮ ਨੂੰ ਸ਼ੱਕ ਦੇ ਘੇਰੇ ਵਿੱਚ ਖੜ੍ਹਾ ਕਰਕੇ ਰੱਖ ਦਿੱਤਾ ਹੈ। ਸੈਂਹਬੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਦੇ ਨਾਲ ਨਾਲ ਦੇਸ਼ ਸੇਵਾ ਵਿੱਚ ਵੀ ਆਪਣਾ ਬਣਦਾ ਯੋਗਦਾਨ ਪਾਉਣ। ਸਭਾ ਦੇ ਉਪ ਚੇਅਰਮੈਨ ਬਿਕਰ-ਮਜੀਤ ਵਾਲੀਆ ਨੇ ਇਸ ਟੂਰਨਾਮੈਂਟ 'ਚ ਸਹਿਯੋਗ ਦੇਣ ਵਾਲੇ ਸਹਿਯੋਗੀਆਂ ਅਤੇ ਟੀਮਾਂ ਦੇ ਖਿਡਾਰੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ, ਬਿਕਰਮਜੀਤ ਵਾਲੀਆ, ਨਿਰੰਜਣ ਸਿੰਘ ਬਿਲਖੂ ਉਪ ਪ੍ਰਧਾਨ, ਡਾ. ਕੁਲਦੀਪ ਸਿੰਘ, ਰਮੇਸ਼ ਅਰੋੜਾ, ਕਰਮਜੀਤ ਸਿੰਘ, ਰਮੇਸ਼ ਸਰੋਆ, ਅਨੂਪ ਦੁੱਗਲ, ਹੈਪੀ ਮੁਰਲੀ, ਸ਼ਰਨਜੀਤ ਰਾਮਗੜ੍ਹ, ਕਰਮਜੀਤ ਸਿੰਘ, ਦਮਨਜੀਤ ਸਿੰਘ, ਸਿਮਰਨ ਚੀਮਾ, ਚਰਨਪ੍ਰੀਤ ਸਿੰਘ, ਬੇਅੰਤ ਸਿੰਘ, ਡਾ. ਵਿਜੈ ਕੁਮਾਰ, ਮਨਜੀਤ ਵਰਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਖੇਡ ਪ੍ਰੇਮੀ ਹਾਜ਼ਰ ਸਨ। ਇਸ ਮੈਚ ਦੀ ਅੰਪਾਇਰਿੰਗ ਮਿਸਟਰ ਗੋਪਾਲਾ ਤੇ ਡਾ. ਕੁਲਦੀਪ ਸਿੰਘ ਨੇ ਕੀਤੀ। ਸਭਾ ਵਲੋਂ ਮੁੱਖ ਮਹਿਮਾਨ ਤੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ।

# ਸੰਪਾਦਕ ਦੀ ਡਾਕ

ਸਤਿਕਾਰਯੋਗ ਐਡੀਟਰ ਸਾਹਿਬ:

ਮੈਂ ਅਕਸਰ 'ਦੇਸ ਦੋਆਬਾ' ਪੜਦਾ ਰਹਿੰਦਾ ਹਾਂ. ਜਿਆਦਾ ਤਰ ਅੱਛਾ ਮੈਟਰ ਹੀ ਹੁੰਦਾ ਏ . ਹੁਣੇ ਹੁਣੇ ਮੈਂ ਮਈ ਦਾ ਅੰਕ ਪੜਿਆ. ਖਾਸ ਕਰ ਕੇ ਸੋਨੂ ਅੰਬੇਦਕਰ ਦੇ ਲੇਖ 'ਜਲਿਆਂਵਾਲਾ ਬਾਗ ਦਾ ਅਸਲੀ ਸੱਚ' ਦੀ ਗੱਲ ਕਰਾਂਗਾ. ਵੈਸੇ ਤਾਂ ਸੋਨੂ ਜੀ ਨੇ ਇਸ ਲੇਖ ਵਿੱਚ ਲਿਖੇ ਤੱਥਾਂ ਬਾਰੇ ਕੋਈ ਪ੍ਰਮਾਣ ਨਹੀਂ ਦਿੱਤੇ, ਪਰ ਮੈਂ ਸਿਰਫ ਉਨਾਂ ਤੱਥਾਂ ਦਾ ਜ਼ਿਕਰ ਕਰਾਂਗਾ, ਜਿਨਾਂ ਨੂੰ ਬੱਚਾ ਬੱਚਾ ਜਾਣਦਾ ਏ ...ਜਲਿਆਂਵਾਲੇ ਬਾਗ ਦਾ ਸਾਕਾ 13 ਅਪ੍ਰੈਲ 1919 ਨੂੰ ਹੋਇਆ ਸੀ, ਨਵੰਬਰ 1919 ਨੂੰ ਨਹੀਂ...ਤੇ 1919 ਵਿਚ ਪਹਿਲਾ ਵਿਸ਼ਵ ਯੁੱਧ ਸਮਾਪਤ ਹੋਇਆ ਸੀ ..ਦੂਜਾ ਨਹੀਂ ...ਇਸ ਤਰਾਂ ਦੀਆਂ ਬਚਕਾਨਾ ਗਲਤੀਆਂ ਸੋਭਾ ਨਹੀਂ ਦਿੰਦੀਆਂ ਤੇ ਤੁਹਾਡੇ ਪਰਚੇ ਦਾ ਮਿਆਰ ਗਿਰਦਾ ਏ ...ਦੂਜੀ ਗੱਲ ..ਗਜ਼ਲਾਂ, ਕਵਿਤਾਵਾਂ ਛਾਪਣ ਤੋਂ ਪਹਿਲਾਂ ਉਨਾਂ ਦਾ ਮਿਆਰ ਵੀ ਜਰੂਰ ਦੇਖ ਲਿਆ ਕਰੋ ..ਕਈਆਂ ਦਾ ਪਧਰ ਬਹੁਤ ਹੀ ਹਲਕਾ ਹੁੰਦਾ ਏ ...ਉਮੀਦ ਏ, ਕਿ ਮੇਰੇ ਇਨਾਂ ਸੁਝਾਵਾਂ ਤੇ ਗੌਰ ਕਰੋਗੇ ..

**ਆਪ ਦਾ ਸ਼ੁਭ ਚਿੰਤਕ**
**-ਡਾ ਪਰਮਜੀਤ ਚੁੰਬਰ (ਐਮ ਡੀ)**

# ਪੁਸਤਕ 'ਅਣਕਿਆਸੀ ਮੰਜ਼ਿਲ' ਤੇ ਮਾਹਿਲਪੁਰ 'ਚ ਵਿਚਾਰ ਗੋਸ਼ਟੀ

ਮਾਹਿਲਪੁਰ- ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵਲੋਂ ਲਾਭ ਸਿੰਘ ਸਾਬਕਾ ਜੋਨਲ ਡਾਇਰੈਕਟਰ ਨਹਿਰੂ ਯੂਵਾ ਕੇਂਦਰ ਭਾਰਤ ਸਰਕਾਰ ਦੀ ਰਚੀ ਪੁਸਤਕ 'ਅਣਕਿਆਸੀ ਮੰਜ਼ਿਲ 'ਤੇ ਵਿਚਾਰ ਗੋਸ਼ਟੀ ਦਾ ਅਯੋਜਨ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਕੀਤਾ ਗਿਆ । ਇਸ ਸਮਾਗਮ ਦੀ ਪ੍ਰਧਾਨਗੀ ਸੇਵਾ ਮੁਕਤ ਮੁੱਖ ਖੇਤੀਬਾੜੀ ਅਧਿਕਾਰੀ ਡਾਕਟਰ ਜਸਵੰਤ ਸਿੰਘ ਭੱਟੀ, ਸੇਵਾ ਮੁਕਤ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ ਅਤੇ ਡਾਕਟਰ ਰਣਜੀਤ ਸਿੰਘ ਚੀਮਾ ਨੇ ਕੀਤੀ । ਪੁਸਤਕ ਬਾਰੇ ਪਰਚਾ ਪੇਸ਼ ਕਰਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਇਹ ਪੁਸਤਕ ਨੌਜ਼ਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਕੰਮ ਕਰੇਗੀ। ਇਸ ਪੁਸਤਕ ਦਾ ਇਤਿਹਾਸਕ ਪੱਖੋਂ ਇਹ ਮਹੱਤਵ ਹੈ ਕਿ ਇਸ ਵਿਚ 40 ਸਾਲ ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਗੱਭਰੂ ਸਰਗ ਰਮੀਆਂ ਅਤੇ ਪ੍ਰਾਪਤੀਆਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿਚ ਇਕ ਸਧਾਰਨ ਮਨੁੱਖ ਤੋਂ ਭਾਰਤ ਪੱਧਰ ਦੀ ਅਬਲ ਦਰਜੇ ਦੀ ਪ੍ਰਾਪਤੀ ਕਰਨ ਲਈ ਕੀਤੇ ਗਏ ਸੰਘਰਸ਼ ਦਾ ਵਰਨਣ ਵੀ ਮਿਲਦਾ ਹੈ। ਲਾਭ ਸਿੰਘ ਨੇ ਆਪਣੀਆਂ 42 ਸਾਲ ਦੀ ਸੇਵਾ ਦੌਰਾਨ ਹਾਲਾਤਾਂ ਨਾਲ ਕੀਤੀ ਜੱਦੋ ਜਹਿਦ ਨੂੰ ਵੀ ਇਸ ਪੁਸਤਕ ਵਿਚ ਦਰਜ਼ ਕੀਤਾ ਹੈ। ਇਕ ਸੰਧਾਰਨ ਪਰਿਵਾਰ ਵਿਚੋਂ ਉਠਕੇ ਉਤਰੀ ਭਾਰਤ ਦੇ 6 ਰਾਜਾਂ ਦੀ ਅਗਵਾਈ ਕਰਨੀ ਕਿਸੇ ਐਰੇ ਗੈਰੇ ਦਾ ਕੰਮ ਨਹੀਂ । ਉਹਨਾਂ ਕਿਹਾ ਕਿ ਜ਼ਿਦਗੀ ਦਾ ਅਸਲੀ ਅਰਥ ਓਬੜ ਖਾਬੜ ਰਾਹਾਂ ਤੇ ਚੱਲਕੇ ਹੀ ਸੰਪੂਰਨ ਹੁੰਦਾ ਹੈ। ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਲੰਧਰ ਦੇ ਜ਼ਿਲ੍ਹਾ ਯੂਥ ਕੁਆਰਡੀਨੇਟਰ ਸੈਮਸਨ ਮਸੀਹ ਨੇ ਕਿਹਾ ਕਿ ਜੇਕਰ ਨੌਜਵਾਨਾਂ ਨੇ ਜੀਵਨ ਵਿਚ ਅਣਕਿਆਸੀਆਂ ਮੰਜ਼ਿਲਾਂ ਤੇ ਪਹੁੰਚਣਾਂ ਹੈ ਤਾਂ ਇਸ ਪੁਸਤਕ ਨੂੰ ਪੜ੍ਹਕੇ ਮਾਰਗ ਦਰਸ਼ਨ ਕੀਤਾ ਜਾ ਸਕਦਾ ਹੈ। ਲਾਭ ਸਿੰਘ ਨੇ ਆਪਣੇ ਜੀਵਨ ਤਜ਼ਰਬਿਆਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਹਨਾ ਦਾ ਇਹ ਪੁਸਤਕ ਲਿਖਣ ਦਾ ਉਦੇਸ਼ ਨੌਜਵਾਨਾਂ ਨੂੰ ਰਚਨਾਤਮਿਕ ਕਾਰਜਾਂ ਵਲ ਨੂੰ ਤੋਰਨ ਦਾ ਹੈ । ਡਾ ਭੱਟੀ ਨੇ ਇਸ ਪੁਸਤਕ ਦੇ ਹੋਰ ਪਹਿਲੂਆਂ ਤੇ ਰੌਸਨੀਂ ਪਾਉਂਦਿਆਂ ਕਿਹਾ ਕਿ ਜਿਥੇ ਇਹ ਪੁਸਤਕ ਰਾਸ਼ਟਰੀ ਪੱਧਰ ਦੇ ਗੱਭਰੂ ਸਰਗਰਮੀਆਂ ਨੂੰ ਪੇਸ਼ ਕਰਦੀ ਹੈ ਉਥੇ ਵਿਸ਼ੇਸ਼ ਕਰਕੇ ਜ਼ਿਲ੍ਹਾ ਹੁਸ਼ਿਆਰ-ਪੁਰ ਦੀਆਂ ਰਚਨਾਤਮਿਕ ਸਰਗਰਮੀਆਂ ਦਾ ਲੇਖਾ ਜੋਖਾ ਵੀ ਕਰਦੀ ਹੈ। ਇਸ ਮੌਕੇ ਰਾਸ਼ਟਰੀ ਪੱਧਰ ਤੇ ਸ਼ਾਂਨਦਾਰ ਮੱਲਾਂ ਮਾਰਨ ਵਾਲੇ ਜ਼ਿਲ੍ਹੇ ਭਰ ਦੇ ਨੌਜ਼ਵਾਨ ਅਤੇ ਵੱਖ ਵੱਖ ਸੰਸਥਾਵਾਂ ਦੇ ਆਗੂ ਹਾਜ਼ਰ ਸਨ । ਪੁਸਤਕ ਬਾਰੇ ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਕੁਲਦੀਪ ਕੌਰ ਬੈਂਸ, ਸਰਵਣ ਰਾਮ ਭਾਟੀਆ, ਗੁਰਦੇਵ ਸਿੰਘ, ਕੁਲਵਿੰਦਰ ਕੌਰ ਰੁਹਾਨੀ ਆਦਿ ਸ਼ਾਮਿਲ ਸਨ। ਅੰਤ ਵਿਚ ਸਭ ਦਾ ਧੰਨਵਾਦ ਕਰਦਿਆਂ ਪ੍ਰਿੰ ਮਨਜੀਤ ਕੌਰ ਨੇ ਕਿਹਾ ਕਿ ਅਜਿਹੀਆਂ ਪੁਸਤਕਾਂ ਸਾਡੇ ਹਰ ਘਰ ਦਾ ਅਤੇ ਸਕੂਲ ਲਾਇਬ੍ਰੇਰੀ ਦਾ ਸ਼ਿੰਗਾਰ ਬਣਨੀਆਂ ਚਾਹੀਦੀਆਂ ਹਨ।



ਲਾਭ ਸਿੰਘ ਜੋਨਲ ਡਾਇਰੈਕਟਰ ਨੂੰ ਪੁਸਤਕਾਂ ਦਾ ਸੈਟ ਭੇਂਟ ਕਰਦੇ ਹੋਏ ਬਲਜਿੰਦਰ ਮਾਨ, ਬੱਗਾ ਸਿੰਘ, ਡਾ ਜਸਵੰਤ ਸਿੰਘ ਭੱਟੀ ਅਤੇ ਰਣਜੀਤ ਸਿੰਘ ਚੀਮਾ ਆਦਿ।

# ਹਰਪ੍ਰੀਤ ਸਿੱਧੂ ਨੂੰ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰ-ਨੀਆ ਦਾ ਪ੍ਰਧਾਨ ਥਾਪਿਆ



ਫਜ਼ਿਜਨੋ (ਕੈਲੀਫੋਰਨੀਆ), (ਸ ਸ ਬਿਊਰੋ): ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਇੱਕ ਭਰਵੀਂ ਮੀਟਿੰਗ ਪਿਛਲੇ ਦਿਨੀ ਸ਼੍ਰੋਮਣੀ ਅਕਾ.ਲੀ ਦਲ ਅਮਰੀਕਾ ਦੇ ਚੇਅਰਮੈਨ ਸ੍ਰ. ਹੈਰੀ ਗਿੱਲ ਦੇ ਘਰ ਹੋਈ ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਸ੍ਰ. ਹੈਰੀ ਗਿੱਲ ਨੇ ਕੀਤੀ।ਮੀਟਿੰਗ ਦਾ ਮੁੱਖ ਏਜੰਡਾ ਸ੍ਰੋਮਣੀ ਅਕਾਲੀ ਦਲ ਯੂਥ ਦੀਆਂ ਪਿਛਲੇ ਦਿਨੀ ਹੋਈਆਂ ਨਿਯੁਕਤੀਆਂ ਬਾਰੇ ਚਲ ਰਹੇ ਵਾਦ ਵਿਵਾਦ ਨੂੰ ਹੱਲ ਕਰਨਾ ਸੀ। ਇਸ ਦਾ ਹੱਲ ਕਰਦਿਆਂ ਸ਼੍ਰੀ ਹੈਰੀ ਗਿੱਲ ਨੇ ਪੰਜਾਬ ਤੋਂ ਅਕਾਲੀ ਦਲ ਦੀ ਹਾਈ ਕਮਾਂਡ ਵਲੋਂ ਆਏ ਟੈਲੀਫੋਨ ਦੇ ਅਧਾਰ 'ਤੇ ਸ੍ਰ. ਹਰਪ੍ਰੀਤ ਸਿੱਧੂ ਨੂੰ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਦਾ ਪ੍ਰਧਾਨ ਬਣਾਉਣ ਦਾ ਫੈਸਲਾ ਕੀਤਾ ਇਸ ਤੋਂ ਪਹਿਲਾਂ ਸ਼੍ਰੀ ਸਿੱਧੂ ਯੂਥ ਅਕਾਲੀ ਦਲ ਕੈਲੀਫੋਰਨੀਆ ਦੇ ਚੇਅਰਮੈਨ ਸਨ। ਇਹ ਐਲਾਨ ਕਰਦਿਆਂ ਸ਼੍ਰੀ ਹੈਰੀ ਗਿੱਲ ਚੇਅਰਮੈਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਹਰਪ੍ਰੀਤ ਨੂੰ ਵਧਾਈ ਦਿੱਤੀ। ਸ੍ਰ. ਹਰਪ੍ਰੀਤ ਸਿੱਧੂ ਨੇ ਜਿਥੇ ਹਾਈ ਕਮਾਂਡ ਦਾ ਧੰਨਵਾਦ ਕੀਤਾ ਉਥੇ ਹੀ ਉਹਨਾਂ ਸ੍ਰ. ਹੈਰੀ ਗਿੱਲ ਦਾ ਵੀ ਧੰਨਵਾਦ ਕੀਤਾ ਅਤੇ ਰਾਜਨੀਤੀ ਵਿੱਚ ਸਮੇ ਸਮੇ ਸਹਿਯੋਗ ਦੇਣ ਦੀ ਬੇਨਤੀ ਵੀ ਕੀਤੀ। ਹਰਪ੍ਰੀਤ ਸਿੱਧੂ ਦੇ ਪਿਤਾ ਸ਼੍ਰੀ ਸੰਤ ਬਾਬਾ ਗੁਰਜੰਟ ਸਿੰਘ ਮੋਗਾ ਇਲਾਕੇ ਦੀ ਧਾਰਮਿਕ ਸਖਸ਼ੀਅਤ ਵਜੋਂ ਜਾਣੇ ਜਾਂਦੇ ਹਨ। ਸ੍ਰ. ਸਿੱਧੂ ਨੇ ਜੋ ਕਿ ਚੰਡੀਗੜ੍ਹ ਯੂਨੀਵਰਸਿਟੀ ਤੋਂ ਗਰੈਜੂਏਟ ਹਨ ਕਾਫੀ ਸਮੇ ਤੋਂ ਅਮਰੀਕਾ ਸੈਟਲ ਹਨ ਅਤੇ ਪਿਛਲੇ ਕਾਫੀ ਸਮੇ ਤੋਂ ਅਕਾਲੀ ਦਲ ਦੀ ਰਾਜਨੀਤੀ ਵਿੱਚ ਸਰਗਰਮ ਹਨ। ਇਸ ਮੌਕੇ 'ਤੇ ਬੋਲਦਿਆਂ ਅਕਾਲੀ ਦਲ ਯੂਥ ਕੈਲੀਫੋਰਨੀਆ ਦੇ ਮੀਤ ਪ੍ਰਧਾਨ ਸ਼੍ਰੀ ਵਿਨੇ ਵੋਹਰਾ ਅਤੇ ਸੁਪਨਦੀਪ ਭੁੱਲਰ ਨੇ ਕਿਹਾ ਕਿ ਪ੍ਰਧਾਨਗੀ ਵਾਸਤੇ ਹਰ ਪੱਖੋਂ ਹੀ ਹਰਪ੍ਰੀਤ ਸਿੱਧੂ ਤੋਂ ਵਧੀਆ ਅਤੇ ਯੋਗ ਉਮੀਦਵਾਰ ਹੋਰ ਕੋਈ ਨਹੀਂ ਹੈ। ਇਸ ਲਈ ਹਰਪ੍ਰੀਤ ਸਿੱਧੂ ਦੀ ਪ੍ਰਧਾਨਗੀ ਹੇਠ ਯੂਥ ਅਕਾਲੀ ਦਲ ਕੈਲੀਫੋਰਨੀਆ ਹੋਰ ਵੀ ਤਰੱਕੀਆਂ ਕਰੇਗਾ ਅਤੇ ਪੰਜਾਬ ਵਿੱਚ ਵੀ ਆਉਣ ਵਾਲੀਆਂ ਚੋਣਾ ਵਿੱਚ ਜੀਅ ਜਾਨ ਨਾਲ ਮਿਹਨਤ ਕਰੇਗਾ। ਮੋਡੈਸਟੋ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਵੀਕਲੀ ਅਖਬਾਰ 'ਸਾਂਝੀ ਸੋਚ'ਦੇ ਚੀਫ ਐਡੀਟਰ ਸ਼੍ਰੀ ਬੂਟਾ ਬਾਸੀ ਨੇ ਹਰਪ੍ਰੀਤ ਸਿੱਧੂ ਨੂੰ ਵਧਾਈ ਦਿੱਤੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜਦੀ ਕਲਾ ਲਈ ਕਾਮਨਾ ਕੀਤੀ। ਇਸ ਮੌਕੇ 'ਤੇ, ਹੈਰੀ ਗਿੱਲ ਗੁਰਨਾਮ ਚਾਹਲ, ਸੰਤੋਖ ਮਨਿਹਾਸ, ਅਵਤਾਰ ਬਰਾੜ ਅਤੇ ਸ੍ਰ ਗੁਰਜੰਟ ਸਿੰਘ ਤੋਂ ਇਲਾਵਾ ਯੂਥ ਅਕਾਲੀ ਦੇ ਹਰਪ੍ਰੀਤ ਸਿੱਧੂ,ਵਿਨੇ ਵੋਹਰਾ, ਸੁਪਨਦੀਪ ਭੁੱਲਰ, ਡ਼ਿਕਰਮ ਵੋਹਰਾ, ਇੰਦਰਜੀਤ ਨਾਗਰਾ, ਅਮ੍ਰਿਤਪਾਲ ਸੰਧੂ, ਗੁਰਪ੍ਰੀਤ ਸਰਾਏ, ਪੁਨੀਤ ਅਰੋੜਾ, ਨਵਤੇਜ ਸਿੰਘ, ਜਗਤਾਰ ਚੱਠਾ, ਪਵਨ ਸਰਾਏ, ਚਰਨਜੀਤ ਮਾਂਗਟ, ਰਾਜਪਾਲ ਰੈਕਾ, ਤਰਨ ਢੀਂਡਸਾ, ਅਮਨ ਕੰਗ ਸੰਨੀ ਕੰਗ, ਗੁਰਪ੍ਰੀਤ ਨਾਗੀ, ਭੁਪਿੰਦਰ ਸਿੰਘ, ਗੁਰਬਿੰਦਰ ਸਿੰਘ ਖਾਲਸਾ, ਵਿਵੇਕ ਕੁਮਾਰ, ਹਰਦੀਪ ਸ਼ੁਸੀਆਨਾ, ਬਲਪ੍ਰੀਤ ਗਰੇਵਾਲ, ਜਗਮੋਹਨ ਸਿੰਘ, ਖੜਕ ਸਿੰਘ, ਰਾਜਪਾਲ ਗਿੱਲ, ਮਨਦੀਪ ਬਰਾੜ, ਬਲਕਾਰ ਕਾਲਕਟ, ਸੁਮੀਤ ਗਰੇਵਾਲ, ਦੀਪੂ ਗੁਰਪ੍ਰੀਤ ਦੌਧਰ, ਗੁਰਜਪਾਲ ਸਿੱਧੂ, ਸੁਖਜਿੰਦਰ ਮਲੂਕਾ, ਸਤਨਾਮ ਭੁੱਲਰ, ਜਗਮੀਤ ਬਰਾੜ, ਗੁਰਪ੍ਰੀਤ ਮਾਨ , ਬਲਬੀਰ ਬੁੱਟਰ, ਜਰਨੈਲ ਧੂੜਕੋਟ, ਰੰਮੀ ਧੂੜਕੋਟ, ਤੇਜਪਾਲ ਸਿੰਘ ਮੋਗੇ ਵਾਲਾ, ਸੰਨੀ ਮੋਗੇ ਵਾਲਾ, ਲਵਲੀ ਫਰਿਜ਼ਨੋ, ਗੁਰਲਿਆਕਤ ਬਰਾੜ, ਗੁਰਮਿੰਦਰ ਬਰਾੜ,ਰਾਜਾ ਬਧਨੀ, ਨਵਤੇਜ ਮੱਟੂ, ਪਰਮ ਢੀਡਸਾ, ਕਸ਼ਮੀਰ ਸਿੰਘ ਚਾਹਲ, ਪ੍ਰਿੰਸਪਾਲ ਸਿੱਧੂ, ਹਰਮੇਲ ਸਿੰਘ ਚਰਕ, ਸੁਲੱਖਣ ਸਿੰਘ, ਹਰਮੇਲ ਸਿੰਘ, ਰਵਿੰਦਰ ਢਿੱਲੋਂ ਸ਼ਾਮਲ ਹੋਏ।

# ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਇਆ ਗਿਆ





ਫਗਵਾੜਾ (ਬੀ. ਕੇ. ਰੱਤੂ) ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰੇਮਪੁਰਾ ਫਗਵਾੜਾ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਸੁਖਮਨੀ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਪ੍ਰਸਿੱਧ ਕੀਰਤਨੀਏ ਤੇ ਕਥਾ ਵਾਚਕ ਭਾਈ ਯਾਦਵਿੰਦਰ ਸਿੰਘ ਸੋਢੀ ਫਗਵਾੜੇ ਵਾਲਿਆਂ ਨੇ ਆਈ ਸੰਗਤ ਨੂੰ ਨਾਮ ਬਾਣੀ ਨਾਲ ਜੋੜਿਆ। ਭਾਈ ਸੋਢੀ ਨੇ ਕਿਹਾ ਕਿ ਅਸੀਂ ਨਿਮਰਤਾ 'ਚ ਰਹਿ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ। ਨਿਮਰਤਾ 'ਚ ਰਹਿਣ ਵਾਲੇ ਇਨਸਾਨ ਨੂੰ ਹਰ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਇਸ ਮੌਕੇ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਅਮਰਜੀਤ ਸਿੰਘ ਤੇ ਠੇਕੇਦਾਰ ਸਤਨਾਮ ਸਿੰਘ ਨੇ ਭਾਈ ਸਾਹਿਬ ਭਾਈ ਯਾਦਵਿੰਦਰ ਸਿੰਘ ਸੋਢੀ ਅਤੇ ਸਮੁੱਚੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਕੁਰੀਤੀਆਂ ਦਾ ਤਿਆਗ ਕਰਕੇ ਗੁਰੂ ਜੀ ਦੀ ਬਾਣੀ ਨਾਲ ਜੁੜਨ ਦਾ ਸੱਦਾ ਦਿੱਤਾ। ਪ੍ਰਬੰਧਕ ਕਮੇਟੀ ਵਲੋਂ ਭਾਈ ਸੋਢੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਮੇਸ਼ ਲਾਲ, ਦਰਸ਼ਨ ਲਾਲ, ਕੇਹਰ ਸਿੰਘ, ਜਸਵੀਰ ਬੰਗਾ, ਬੀ, ਕੇ, ਰੱਤੂ, ਸੰਨੀ ਕੈਲੇ, ਰੋਹਿਤ ਕੁਮਾਰ, ਬਿੰਦਰ ਚੁੰਬਰ, ਮਿਸਟਰ ਗਾਂਧੀ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਸ਼੍ਰੀ ਹਜ਼ੂਰ ਸਾਹਿਬ ਤੋਂ ਅੰਮ੍ਰਿਤਸਰ ਲਈ ਚਲਾਈ ਸੁਪਰ ਫਾਸਟ ਟ੍ਰੇਨ ਫਗਵਾੜਾ 'ਚ ਵੀ ਰੁਕੇਗੀ

ਫਗਵਾੜਾ (ਬੀ. ਕੇ. ਰੱਤੂ) ਸ਼੍ਰੀ ਹਜੂਰ ਸਾਹਿਬ ਤੋਂ ਸ਼੍ਰੀ ਅੰਮ੍ਰਿਤਸਰ ਲਈ ਨਵੀਂ ਚਲਾਈ ਗਈ ਹਫਤਾਵਾਰੀ ਸੁਪਰ ਫਾਸਟ ਰੇਲ ਗੱਡੀ ਦਾ ਫਗਵਾੜਾ ਵਿਖੇ ਹੋਏ ਠਹਿਰਾਵ ਤੋਂ ਬਾਅਦ ਫਗਵਾੜਾ ਰੇਲਵੇ ਸਟੇਸ਼ਨ ਵਿਖੇ ਫਗਵਾੜਾ ਸ਼ਹਿਰ ਦੀਆਂ ਸਮੂਹ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਦੋਰਾਨ ਵਿਸ਼ੇਸ਼ ਤੋਰ ਤੇ ਪੁਹੰਚੀ ਮੈਂਬਰ ਪਾਰਲੀਮੈਂਟ ਸ਼੍ਰੀਮਤੀ ਸੰਤੋਸ਼ ਚੌਧਰੀ, ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਸ. ਸਰਵਨ ਸਿੰਘ ਕੁਲਾਰ, ਡੀ.ਪੀ ਸਿੰਘ ਸੁਪਰਡੈਂਟ ਬੋਰਡ ਤਖਤ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ, ਸਟੇਸ਼ਨ ਦੇ ਸੁਪਰੀਡੈਂਟ ਭੂਸ਼ਨ ਨੰਦਵਾਨੀ ਅਤੇ ਸਮੂਹ ਸ਼ਹਿਰ ਦੀਆਂ ਸੰਗਤਾਂ ਵੱਲੋਂ ਟ੍ਰੈਨ ਦੇ ਰੁਕਣ ਤੇ ਡਰਾਈਵਰਾਂ ਦਾ ਫੁੱਲਾ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ।ਸ਼੍ਰੀਮਤੀ ਸੰਤੋਸ਼ ਚੌਧਰੀ ਨੇ ਅਪਣੇ ਸੰਬੋਧਨ ਵਿੱਚ ਜਿੱਥੇ ਸਮੂਹ ਫਗਵਾੜਾ ਵਾਸੀਆ ਨੂੰ ਗੱਡੀ ਦੇ ਠਹਿਰਾਵ ਦੀਆਂ ਹਾਰਦਿਕ ਵਧਾਈਆਂ ਦਿੱਤੀਆ ਉਥੇ ਹੀ ਕਿਹਾ ਕਿ ਇਹ ਟ੍ਰੈਨ ਹਫਤੇ ਵਿੱਚ ਇੱਕ ਦਿਨ ਰੁੱਕਿਆ ਕਰੇਗੀ ਉਨਾਂ ਕਿਹਾ ਕਿ ਫਗਵਾੜਾ ਵਾਸੀਆਂ ਦੀ ਇਹ ਕਾਫੀ ਸਮੇਂ ਤੋਂ ਮੰਗ ਸੀ ਜਿਸ ਨੂੰ ਉਨਾਂ ਕੇਂਦਰ ਸਰਕਾਰ ਅਤੇ ਰੇਲਵੇ ਵਿਭਾਗ ਦੇ ਯਤਨਾਂ ਸਦਕਾ ਇਸ ਮੰਗ ਨੂੰ ਪੂਰਾ ਕਰਵਾਇਆ ਹੈ। ਉਧਰ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਅਤੇ ਸਨਿਅਰ ਅਕਾਲੀ ਆਗੂ ਸ. ਸਰਵਨ ਸਿੰਘ ਕੁਲਾਰ ਨੇ ਅਪਣੇ ਸੰਬੋਧਨ ਵਿੱਚ ਇਸ ਟ੍ਰੇਨ ਦੇ ਫਗਵਾੜਾ ਵਿਖੇ ਹੋਏ ਠਹਿਰਾਵ ਲਈ ਰੇਲਵੇ ਵਿਭਾਗ ਦਾ ਤਹਿ ਦਿੱਲੋਂ ਧੰਨਵਾਦ ਕਰਦਿਆ ਫਗਵਾੜਾ ਵਾਸੀਆ ਨੂੰ ਹਾਰਦਿਕ ਵਧਾਈਆਂ ਦਿੱਤੀਆਂ।



ਇਸ ਦੋਰਾਨ ਸੰਤ ਬਾਬਾ ਗੁਰਚਰਨ ਸਿੰਘ ਜੀ ਨੇ ਡੀ. ਪੀ ਸਿੰਘ ਸੁਪਰਡੈਂਟ ਬੋਰਡ ਤਖਤ ਸੱਚਖੰਡ ਸ਼੍ਰੀ ਹਜੂਰ ਸਾਹਿਬ, ਸਟੇਸ਼ਨ ਦੇ ਸੁਪਰੀਡੈਂਟ ਭੂਸ਼ਨ ਨੰਦਵਾਨੀ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ ਦੇ ਸਨਮਾਨਿਤ ਵੀ ਕੀਤਾ ਗਿਆ।ਟ੍ਰੇਨ ਦੇ ਸਵਾਗਤ ਦੋਰਾਨ, ਰਾਮਮੂਰਤੀ ਭਾਣੋਕੀ, ਗੁਰਜੀਤ ਪਾਲ ਵਾਲੀਆ, ਬੀਬੀ ਸਰਬਜੀਤ ਕੋਰ, ਪਤਵਿੰਦਰ ਸਿੰਘ ਛਾਬੜਾ, ਮਲਕੀਅਤ ਸਿੰਘ ਰਘਬੋਤਰਾ, ਹਰਬੰਸ ਲਾਲ, ਸੁਰਿੰਦਰ ਸਿੰਘ ਵਾਲੀਆ, ਮੋਹਨ ਸਿੰਘ ਗਾਂਧੀ, ਇਕਬਾਲ ਸਿੰਘ ਕੁੰਦੀ, ਸਰਿੰਦਰ ਸਿੰਘ ਪਲਾਹੀ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# MAKHAN SAMPLEY PASSED AWAY

It is to inform with great heart and grief that Mr. Makhan Sampley passed away on Sunday May 19, 2013. He was very close relative of Mr. Kewal Bolina & Mr. Jaswider Banga. Makhan Sampley's funeral services will be performed on Friday May 24th, 2013 from 10am-12:30pm at Sacramento Memorial Lawn, 6100 Stockton Blvd., Sacramento, CA 95824. Contact Number (916)421-1171



Sri Guru Ravidass Temple Rio Linda, Sacramento committee expresses its heartfelt sympathy with the bereaved Sampley family. May Waheguru keep the departed soul in peace and empower the families behind to bear this loss.

Sri Guru Ravidass Temple Committee, 6221 16th St. , Rio Linda, Sacramento, CA 95673

Family Cuts & Style
Salon
Professional Hair, Nails, Facial, Waxing, Perm & Make-Up
MEN WOMEN CHILDREN
Hien Tran
(916) 722-3663

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦਾ ਫੈਸਲਾ ਅਤੇ ਘੱਟ ਗਿਣਤੀਆਂ ਦੀ ਸਥਿਤੀ



- ਫਤਿਹਜੰਗ ਸਿੰਘ

ਆਖਿਰਕਾਰ ਉਹੀ ਕੁਝ ਹੋਇਆ ਜੋ ਇਸ ਵੱਖ ਵੱਖ ਕੌਮਾਂ ਵਾਲੇ ਭਾਰਤ ਦੇਸ਼ ਮਹਾਨ ਨੂੰ ਹਿੰਦੁਸਤਾਨ ਬਣਾਉਣ ਤੇ ਤੁਲੀਆਂ ਹੋਈਆਂ ਤਾਕਤਾਂ ਦੀ ਮਰਜ਼ੀ ਸੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖਾਰਜ ਕਰਨ ਨਾਲ ਇਕ ਅਜਿਹੇ ਇਨਸਾਨ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਰਹੀ ਹੈ, ਜੋ 18 ਸਾਲ ਜੇਲ੍ਹ ਵਿਚ ਰਹਿ ਕੇ ਪਹਿਲਾਂਹੀ ਇੰਨੀ ਸਖਤ ਸਜ਼ਾ ਭੁਗਤ ਚੁੱਕਿਆ ਹੈ ਕਿ ਪਿਛਲੇ 7-8 ਸਾਲਾਂ ਤੋਂ ਹਾਈਪਰਟੈਨਸ਼ਨ, ਗਠੀਆ ਤੇ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਨਾਲ 7 ਫੁੱਟ ਚੌੜੀ 9 ਫੁੱਟ ਲੰਮੀ ਕਾਲ ਕੋਠੜੀ ਵਿਚ ਜ਼ਿੰਦਗੀ ਤੇ ਮੌਤ ਨਾਲ ਜੂਝ ਰਿਹਾ ਹੈ। ਪਿਛਲੇ ਢਾਈ ਕੁ ਸਾਲਾਂ ਤੋਂ ਤਾਂ ਹੁਣ ਉਹ ਦਿਮਾਗੀ ਸੰਤੁਲਨ ਗੁਆ ਚੁਕਣ ਮਗਰੋਂ ਮਾਨਸਿਕ ਰੋਗੀ ਹਸਪਤਾਲ ਦੇ ਜ਼ੇਰੇ ਇਲਾਜ ਵੀ ਹਨ। ਇਹੋ ਜਿਹੀ ਹਾਲਤ ਵਿਚ ਨਾ ਕਾਨੂੰਨ, ਨਾ ਇਨਸਾਨੀਅਤ ਨਾ ਕੁਦਰਤੀ ਕਾਨੂੰਨ ਮੌਤ ਦੀ ਸਜ਼ਾ ਦੇ ਸਕਦੇ ਹਨ ਪਰ ਫਿਰ ਵੀ ਉਸਨੂੰ ਫਾਂਸੀ ਦੇਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਦੁਨੀਆਂ ਦੇ 117 ਦੇਸ਼ਾਂ ਨੇ ਫਾਂਸੀ ਨੂੰ ਗੈਰ ਮਨੁੱਖ ਅਤੇ ਗੈਰ ਕੁਦਰਤੀ ਵਰਤਾਰਾ ਆਖ ਕੇ ਸਦਾ ਸਦਾ ਲਈ ਤਿਲਾਂਜਲੀ ਦੇ ਦਿੱਤੀ ਹੈ ਪਰ ਭਾਰਤ ਦਾ ਤਾਂ ਆਲਮ ਹੀ ਨਿਰਾਲਾ ਹੈ। ਜਦੋਂ ਵੀ ਵਿਸ਼ਵ ਪੱਧਰ 'ਤੇ ਫਾਂਸੀ ਦੀ ਸਜ਼ਾ ਵਿਰੁੱਧ ਆਵਾਜ਼ ਉਠਣੀ ਸ਼ੁਰੂ ਹੋਈ ਹੈ, ਭਾਰਤ ਨੇ ਫਾਂਸੀ ਲਾਉਣ ਦਾ ਅਮਲ ਸਗੋਂ ਹੋਰ ਵੀ ਤੇਜ਼ ਕਰ ਦਿੱਤਾ ਹੈ। ਪ੍ਰੋ. ਭੁੱਲਰ ਨੂੰ ਫਾਂਸੀ ਦੇਣ ਨਾਲ ਭਾਰਤ ਦੀ ਘੱਟ ਗਿਣਤੀਆਂ ਵਿਚ ਬੇਗਾਨਗੀ ਦਾ ਅਹਿਸਾਸ ਹੋਰ ਪ੍ਰਪੱਕ ਹੋਵੇਗਾ। 28 ਬੰਦਿਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਕਿਸ਼ੋਰੀ ਲਾਲ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਸਕਦੀ ਹੈ ਪਰ ਉਸ ਤੋਂ ਕਿਤੇ ਘੱਟ ਅਤੇ ਵੱਖਰੇ ਗੁਨਾਹ ਵਾਲੇ ਦੀ ਨਹੀਂ। ਪ੍ਰੋ. ਭੁੱਲਰ ਦੀ ਕੈਨੇਡਾ ਵਾਸੀ ਪਤਨੀ ਜੋ ਇਕ ਆਜ਼ਾਦੀ ਘੁਲਾਟੀਏ ਦੀ ਪੋਤਰੀ ਹੈ, ਦੇ ਇਕ ਟੀ. ਵੀ. ਇੰਟਰਵਿਊ ਦੌਰਾਨ ਚਕਨਾਚੂਰ ਹਿਰਦੇ ਵਿਚੋਂ ਇਹ ਹੂਕ ਨਿਕਲੀ, "ਸਿੱਖਾਂ ਨਾਲ ਸਦਾ ਇਸੇ ਤਰ੍ਹਾਂ ਹੀ ਹੁੰਦਾ ਆਇਆ ਹੈ। ਇਹ ਗੱਲ ਸੁਣਦੇ ਹੁੰਦੇ ਸੀ ਪਰ ਅੱਜ ਅਸੀਂ ਅੱਖੀਂ ਵੀ ਵੇਖ ਲਿਆ ਹੈ।'' ਕੀ ਉਸਦੇ ਬਾਬੇ ਨੇ ਇਸ ਲਈ ਆਜ਼ਾਦੀ ਦੀ ਜੰਗ ਲੜੀ ਸੀ ਕਿ ਇਹ ਆਜ਼ਾਦੀ ਉਸਦੀ ਹੀ ਪੋਤਰੀ ਤੋਂ ਕਦੇ ਇਸ ਰੂਪ ਵਿਚ ਕੀਮਤ ਮੰਗੇਗੀ? ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਕਰਤਾ-ਧਰਤਾ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ, "ਜਦੋਂ ਤੱਕ ਬਹੁਗਿਣਤੀ ਕੌਮਾਂ ਦੀ ਘੱਟ ਗਿਣਤੀ ਕੌਮਾਂ ਪ੍ਰਤੀ ਸੋਚ ਨਹੀਂ ਬਦਲਦੀ, ਉਦੋਂ ਤੱਕ ਇਹ ਫਾਂਸੀਆਂ ਜਾਂ ਹੋਰ ਛੋਟੇ ਛੋਟੇ ਜੁਰਮਾਂ ਵਿਰੁੱਧ ਇਹ ਸਜ਼ਾਵਾਂ ਦਿੱਤੀਆਂ ਜਾਂਦੀਆਂ ਰਹਿਣਗੀਆਂ। ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਬਚਨ ਸਿੰਘ ਨੇ ਵੀ ਇਸ ਫੈਸਲੇ ਨੂੰ ਮੰਦਭਾਗਾ ਕਰਾਰ ਦੇ ਕੇ ਅੱਗੋਂ ਹੋਰ ਕਾਨੂੰਨੀ ਚਾਰਾਜ਼ੋਈ ਕਰਨ ਦਾ ਵਿਸ਼ਵਾਸ ਦਿਵਾਇਆ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਮੰਤਰੀ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਆਪਣਾ ਰੋਸ ਦਰਜ ਕਰਵਾ ਆਏ ਹਨ। ਭਾਰਤ ਦੇ ਹੋਰ ਹਿੱਸਿਆਂ ਤੋਂ ਅਤੇ ਬਾਹਰਲੇ ਦੇਸ਼ਾਂ ਤੋਂ ਵੀ ਸਿੱਖਾਂ ਵਿਚ ਭਾਰੇ ਰੋਸ ਅਤੇ ਪ੍ਰਦਰਸ਼ਨ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਹੋਰ ਸਿੱਖ ਜਥੇਬੰਦੀਆਂ ਨੇ ਵੀ ਇਸ ਫੈਸਲੇ ਨੂੰ ਮੰਦਭਾਗਾ ਤੇ ਦੁੱਖ ਭਰਿਆ ਆਖਿਆ ਹੈ। ਪ੍ਰੋ. ਭੁੱਲਰ ਦੇ ਪਰਿਵਾਰ ਅਤੇ ਪਿੰਡ ਵਿਚ ਤਾਂ ਸੋਗ ਦੀ ਲਹਿਰ ਫੈਲਣੀ ਹੀ ਸੀ।



ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਨੇ ਫੈਸਲੇ ਦਾ ਖੁੱਲ੍ਹ ਕੇ ਸਵਾਗਤ ਕੀਤਾ ਹੈ। ਪਾਰਟੀ ਦੇ ਉਪ ਪ੍ਰਧਾਨ ਬਲਬੀਰ ਪੁੰਜ ਨੇ ਆਪਣੀ ਭਾਈਵਾਲ ਅਕਾਲੀ ਪਾਰਟੀ ਦੇ ਉਲਟ ਜਾਂਦਿਆਂ ਕਿਹਾ ਕਿ ਜਿਹਨਾਂ ਲੋਕਾਂ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਅਤੇ ਦੇਸ਼ ਦੇ ਖਿਲਾਫ ਜੰਗ ਛੇੜੀ, ਉਹਨਾਂ ਨੂੰ ਇਸਦੇ ਨਤੀਜਿਆਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਰਗਾ ਬਿਆਨ ਦੱਬਵੀਂ ਜਿਹੀ ਆਵਾਜ਼ ਵਿਚ ਦਿੱਤਾ ਹੈ ਕਿ ਸਰਬ ਉਚ ਅਦਾਲਤ ਦੇ ਫੈਸਲੇ ਦਾ ਸਨਮਾਨ ਸਭ ਨੂੰ ਕਰਨਾ ਚਾਹੀਦਾ ਹੈ। ਸਰਬ ਭਾਰਤੀ ਕਾਂਗਰਸ ਦੇ ਮੁੱਖ ਕਾਰਕੁੰਨਾਂ ਵੱਲੋਂ ਵੀ ਕੁਝ ਦੱਬਵੀਂ ਆਵਾਜ਼ ਵਿਚ ਬਿਆਨ ਆਇਆ ਹੈ ਕਿ ਪਾਰਟੀ ਚੱਲ ਰਹੀ ਕਾਨੂੰਨੀ ਪ੍ਰਕਿਰਿਆ ਵਿਚ ਦਖ਼ਲ ਨਹੀਂ ਦੇਣਾ ਚਾਹੁੰਦੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਦੇ ਹਿਰਦੇ ਇਸ ਫੈਸਲੇ ਨਾਲ ਬੁਰੀ ਤਰ੍ਹਾਂ ਵਲੂੰਧਰੇ ਗਏ ਹਨ। ਪਾਰਟੀ ਦੇ ਆਗੂਆਂ ਨੇ ਚੋਣਾਂ ਸਿਰ ਤੇ ਹੋਣ ਕਰਕੇ ਬੜੀ ਸਾਵਧਾਨੀ ਨਾਲ ਬਿਆਨ ਦਿੱਤੇ ਹਨ। ਇਹ ਸਾਡੀ ਤ੍ਰਾਸਦੀ ਹੈ ਕਿ ਅਸੀਂ ਗੰਭੀਰ ਤੋਂ ਗੰਭੀਰ ਮੁੱਦੇ 'ਤੇ ਵੀ ਰਾਜਸੀ ਰੋਟੀਆਂ ਸੇਕਣੋਂ ਨਹੀਂ ਟਲਦੇ। ਪੈਦਾ ਹੋਈ ਸਥਿਤੀ ਅਨੁਸਾਰ ਅਕਾਲੀ ਦਲ ਨੂੰ ਫਾਂਸੀ ਰੁਕਵਾਉਣ ਲਈ ਹੋਰ ਵੀ ਜ਼ਿਆਦਾ ਜ਼ੋਰ ਲਾਉਣਾ ਪਵੇਗਾ ਤਾਂ ਜੋ ਉਹ ਪੂਰੀ ਚਾਰਾਜੋਈ ਵਿਖਾ ਕੇ ਸਿੱਖਾਂ ਦੀ ਕਚਹਿਰੀ ਵਿਚ ਖਲੋਣ ਜੋਗੇ ਹੋ ਸਕਣ, ਭਾਵੇਂ ਉਹਨਾਂ ਦਾ ਉਚ ਪੱਧਰੀ ਡੈਪੂਟੇਸ਼ਨ ਪ੍ਰਧਾਨ ਮੰਤਰੀ ਨੂੰ ਮਿਲ ਆਇਆ ਹੈ। ਪੰਜਾਬ ਕਾਂਗਰਸ ਦੀ ਸਥਿਤੀ ਪੰਜਾਬਵਿਚ ਕਮਜ਼ੋਰ ਹੋਵੇਗੀ ਪਰ ਬਾਕੀ ਦੇਸ਼ ਵਿਚ ਮਜ਼ਬੂਤ ਹੋ ਜਾਵੇਗੀ। 1984 ਦੇ ਸਿੱਖ ਕਤਲੇਆਮ ਤੋਂ ਬਾਅਦ ਉਹ ਸਿੱਖਾਂ ਦੇ ਸਿਰਾਂ ਦੀ ਕੀਮਤ ਪੁਆ ਕੇ ਇਕ ਵਾਰੀ ਰਿਕਾਰਡ ਤੋੜ ਜਿੱਤ ਹਾਸਲ ਕਰ ਚੁੱਕੀ ਹੈ। ਹੁਣ ਉਸਨੂੰ ਪੰਜਾਬ ਦੀ ਗੱਦੀ ਕੁਰਬਾਨ ਕਰਕੇ ਦੇਸ਼ ਦੇ ਦੂਜੇ ਹਿੱਸੇ ਵਿਚ ਹਿੰਦੂ ਵੋਟ ਬਟੋਰਨ ਦਾ ਮੌਕਾ ਪ੍ਰਾਪਤ ਹੋਵੇਗਾ। ਭਾਰਤੀ ਜਨਤਾ ਪਾਰਟੀ ਵੀ ਫੈਸਲੇ ਦਾ ਪੁਰਜ਼ੋਰ ਸਵਾਗਤ ਕਰਕੇ ਆਪਣੇ ਵੱਡੇ ਵੋਟ ਬੈਂਕ ਨੂੰ ਨਰਾਜ਼ ਹੋਣ ਤੋਂ ਬਚਾਅ ਰਹੀ ਹੈ, ਪੰਜਾਬ ਵਿਚ ਭਾਈਵਾਲ ਪਾਰਟੀ ਨਰਾਜ਼ ਹੁੰਦੀ ਹੈ ਤਾਂ ਹੋਈ ਜਾਵੇ। ਇਹ ਤਾਂ ਅਕਾਲੀ ਪਾਰਟੀ ਨੇ ਵੇਖਣਾ ਹੈ ਜਿਸਨੇ ਉਸ ਨਾਲ ਪਤੀ ਪਤਨੀ ਵਰਗੇ ਮਜ਼ਬੂਤ ਰਿਸ਼ਤੇ ਸਥਾਪਤ ਕੀਤੇ ਹੋਏ ਹਨ।

ਹੁਣ ਕੁੱਲ ਮਿਲਾ ਕੇ ਸਥਿਤੀ ਇਹ ਬਣ ਗਈ ਹੈ ਕਿ ਪ੍ਰੋ. ਭੁੱਲਰ ਦੀ ਸ਼ਹੀਦੀ ਅੱਜ ਨਹੀਂ ਤਾਂ ਕੱਲ੍ਹ ਯਕੀਨੀ ਹੈ। ਹਰ ਰੁਕਾਵਟ ਦੂਰ ਕਰਕੇ ਫਾਂਸੀ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ। ਸੁਣਿਆ ਹੈ ਕਿ ਬਾਦਲ ਸਾਹਿਬ ਦੀ ਕੇਂਦਰ ਵਿਚ ਬੜੀ ਪੁੱਛਗਿੱਛ ਹੈ। ਅਸਲ ਵਿਚ ਕੇਂਦਰ ਵਿਚ ਕੋਈ ਵੀ ਸਰਕਾਰ ਹੋਵੇ, ਉਹ ਸਿੱਧੇ ਜਾਂ ਅਸਿੱਧੇ ਤੌਰ ਤੇ ਹਿੰਦੂਵਾਦੀ ਤਾਕਤਾਂ ਦੀ ਕਠਪੁਤਲੀ ਹੀ ਹੁੰਦੀ ਹੈ। ਇਹੀ ਤਾਕਤਾਂ ਦੇਸ਼ ਦੀਆਂ ਘੱਟ ਗਿਣ-ਤੀਆਂ ਨੂੰ ਹਿੰਦੂ-ਮੁਸਲਮਾਨ, ਹਿੰਦੂ-ਸਿੱਖ ਜਾਂ ਹਿੰਦੂ-ਇਸਾਈ ਬਣਾਉਣ ਤੇ ਤੁਲੀਆਂ ਹੋਈਆਂ ਹਨ। ਇਹਨਾਂ ਤਾਕਤਾਂ ਨੂੰ ਬਾਦਲ ਸਾਹਿਬ ਤੋਂ ਵਧੀਆ ਸਿੱਖ ਨਹੀਂ ਮਿਲ ਸਕਦਾ ਜੋ ਉਹਨਾਂ ਦੇ ਮਕਸਦ ਵਿਚ ਉਹਨਾਂ ਦਾ ਪੂਰਾ ਹੱਥ ਵਟਾ ਰਿਹਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵੀ ਬਾਦਲ ਸਾਹਿਬ ਵੱਲੋਂ ਜਾਂ ਹੋਰ ਸਿੱਖ ਜਥੇਬੰਦੀਆਂ ਦੇ ਪੂਰਾ ਜ਼ੋਰ ਲਾਉਣ ਤੋਂ ਬਾਅਦ ਵੀ ਪ੍ਰੋ. ਭੁੱਲਰ ਨੂੰ ਬਚਾਇਆ ਨਹੀਂ ਜਾ ਸਕੇਗਾ। ਆਪਣੇ ਲਾਭਾਂ-ਹਿੱਤ ਸਿਆਸੀ ਪਾਰਟੀਆਂ ਵੱਲੋਂ ਇਹੋ ਜਿਹੇ ਖ਼ਤਰਨਾਕ ਪੱਤੇ ਖੇਡੇ ਹੀ ਜਾਂਦੇ ਰਹੇ ਹਨ। ਭੇਟ ਤਾਂ ਆਮ ਸਧਾਰਨ ਮਨੁੱਖ ਹੀ ਚੜ੍ਹਦਾ ਹੈ, ਜਿਸਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਜਾਂਦਾ ਕਿ ਉਹ ਕਦੋਂ ਇਕ ਡੂੰਘੀ ਤੇ ਖਤਰਨਾਕ ਸਾਜਿਸ਼ ਦਾ ਸ਼ਿਕਾਰ ਹੋ ਗਿਆ ਹੈ। ਇਸ ਦੇਸ਼ ਦਾ ਰਾਜਪਾਟ ਇਕ ਗਿਣੀ ਮਿੱਥੀ ਸਾਜਿਸ਼ ਅਨੁਸਾਰ ਚਲਾਇਆ ਜਾਂਦਾ ਰਿਹਾ ਹੈ ਅਤੇ ਚਲਾਇਆ ਜਾ ਰਿਹਾ ਹੈ। ਸਦੀਆਂ ਤੋਂ ਦਲਿਤ ਤੇ ਸ਼ੋਸ਼ਿਤ ਇਸਦਾ ਬੁਰੀ ਤਰ੍ਹਾਂ ਸ਼ਿਕਾਰ ਹੁੰਦਾ ਆ ਰਿਹਾ ਹੈ ਤੇ ਅੱਜ ਵੀ ਹੋ ਰਿਹਾ ਹੈ। ਇਸ ਲੰਮੇ ਸਫਰ ਵਿਚ ਝੱਲੀਆਂ ਯਾਤਨਾਵਾਂ ਕਾਰਨ ਕਦੇ ਉਹ ਆਪਣੇ ਮਨੁੱਖ ਹੋਣ ਦਾ ਅਹਿਸਾਸ ਵੀ ਗੁਆ ਬੈਠਾ ਸੀ। ਪਰ ਹੁਣ ਉਹ ਡਾ. ਅੰਬੇਦਕਰ ਦੀਆਂ ਘਾਲਣਾਵਾਂ ਸਦਕਾ ਆਪਣੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦਾ ਜਾ ਰਿਹਾ ਹੈ। ਇਸੇ ਸਾਜਿਸ਼ ਅਧੀਨ ਹੀ ਘੱਟ ਗਿਣਤੀਆਂ ਨੂੰ ਵੀ ਪੈਰ ਪੈਰ ਤੇ ਅੱਨਿਆ ਅਤੇ ਬੇਇਜ਼ਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖ ਘੱਟ ਗਿਣਤੀ ਲਈ ਪਹਿਲਾਂ ਇਸ ਤਰ੍ਹਾਂ ਦੇ ਹਾਲਾਤ ਬਣਾਏ ਗਏ ਕਿ ਉਸਨੂੰ 1984 ਦੇ ਘੱਲੂਘਾਰੇ ਵਿਚੋਂ ਗੁਜ਼ਰਦਿਆਂ ਹਜ਼ਾਰਾਂ ਸੀਸਾਂ ਦੀ ਕੁਰਬਾਨੀ ਦੇਣੀ ਪਈ। ਧੀਆਂ, ਮਾਵਾਂ, ਭੈਣਾਂ ਦੀ ਅਸਮਤ ਦੀ ਸ਼ਰੇਆਮ ਬਲੀ ਦੇਣੀ ਪਈ। ਇੱਥੇ ਹੀ ਬੱਸ ਨਹੀਂ ਸਗੋਂ ਸਬਕ ਸਿਖਾਉਣ ਲਈ ਪੂਰੇ ਦੇ ਪੂਰੇ ਸੂਬੇ ਨੂੰ ਦਹਾਕਿਆਂ ਤੱਕ ਬਲਦੀ ਵਿਚ ਝੋਕੀ ਰੱਖਿਆ ਤੇ ਹੁਣ ਉਸੇ ਸਾਜਿਸ਼ ਅਧੀਨ ਪੂਰੇ ਦੇ ਪੂਰੇ ਸੂਬੇ ਨੂੰ ਨਸ਼ਿਆਂ ਵਿਚ ਰੋੜ੍ਹ ਦਿੱਤਾ ਗਿਆ ਹੈ। ਉਨਤੀ ਪੱਖੋਂ ਪਹਿਲੇ ਨੰਬਰ ਤੋਂ 17ਵੇਂ ਨੰਬਰ ਤੇ ਲੈ ਗਏ ਹਨ ਤੇ ਪਤਾ ਨਹੀਂ ਕਿੱਥੇ ਬੱਸ ਹੋਣੀ ਹੈ। ਇਸ ਮਹਾਂ ਸੰਗਰਾਮ ਨੂੰ ਅੰਜ਼ਾਮ ਦੇਣ ਵਾਲਿਆਂ ਦਾ ਵਾਲ ਤਾਂ ਵਿੰਗਾ ਕੀ ਹੋਣਾ ਸੀ, ਸਗੋਂ ਉਹਨਾਂ ਨੂੰ ਵੱਡੇ ਅਹੁਦੇ ਵੀ ਸੌਂਪੇ ਗਏ। ਸਿੱਖਾਂ ਨੇ ਅੱਡੀ ਚੋਟੀ ਦਾ ਜ਼ੋਰ ਲਾ ਲਿਆ ਪਰ ਗੁਨਾਹਗਾਰਾਂ ਨੂੰ ਤਿੰਨ ਦਹਾਕੇ ਬੀਤ ਜਾਣ ਬਾਅਦ ਵੀ ਸਜ਼ਾਵਾਂ ਨਹੀਂ ਹੋ ਸਕੀਆਂ ਅਤੇ ਨਾ ਭਵਿੱਖ ਵਿਚ ਕੋਈ ਆਸ ਹੈ। ਇਕ ਵਾਰੀ ਵੀ ਪਾਰਲੀਮੈਂਟ ਵਿਚ ਅਫਸੋਸ ਤੱਕ ਪ੍ਰਗਟ ਨਹੀਂ ਕੀਤਾ ਗਿਆ। ਘੱਟ ਗਿਣਤੀਆਂ ਨੂੰ ਕੁੱਟਿਆ ਵੀ ਜਾਂਦਾ ਹੈ ਤੇ ਰੋਣ ਵੀ ਨਹੀਂ ਦਿੱਤਾ ਜਾਂਦਾ। ਇਹਨਾਂ ਹਾਲਾਤਾਂ ਦੀ ਉਪਜ ਬੰਦਿਆਂ ਨੂੰ ਨਿਆਂ ਪ੍ਰਣਾਲੀ ਫਾਂਸੀ ਤੇ ਲਟਕਾਉਂਦੀ ਹੈ ਜਾਂ ਜੇਲ੍ਹਾਂ ਵਿਚ ਸੜਨ ਲਈ ਮਜਬੂਰ ਕਰਦੀ ਹੈ। ਜੇ ਕੋਈ 'ਸਾਡਾ ਹੱਕ' ਵਰਗੀ ਫਿਲਮ ਸੱਚ ਉਘਾੜਨਾ ਚਾਹੁੰਦੀ ਹੈ ਤਾਂ ਉਸ 'ਤੇ ਪਾਬੰਦੀ ਲਾ ਕੇ ਗਲਾ ਘੁੱਟ ਦਿੱਤਾ ਜਾਂਦਾ ਹੈ। ਕੋਈ ਵੀ ਕਾਰਨ ਦੀ ਜੜ੍ਹ ਤੱਕ ਨਹੀਂ ਜਾਣਾ ਚਾਹੁੰਦਾ। ਮੁਸਲਮਾਨ ਘੱਟ-ਗਿਣਤੀ ਨੂੰ ਗੋਧਰਾ ਵਰਗੇ ਕਾਂਡਾਂ ਨਾਲ ਜੂਝਣਾ ਪੈਂਦਾ ਹੈ ਤੇ ਸਾਲ ਦੇ 365 ਦਿਨ ਹੀ ਦੇਸ਼ ਵਿਚ ਕਿਤੇ ਨਾ ਕਿਤੇ ਛੋਟੇ ਜਾਂ ਵੱਡੇ ਦੰਗਿਆਂ ਵਿਚ ਜਾਨੀ ਤੇ ਮਾਲੀ ਨੁਕਸਾਨ ਉਠਾਉਣਾ ਪੈਂਦਾ ਹੈ। ਸਿਤਮਜ਼ਰੀਫੀ ਇਹ ਕਿ ਅਤਿਵਾਦੀ ਫਿਰ ਸਿੱਖਾਂ ਵਿਚੋਂ ਜਾਂ ਫਿਰ ਮੁਸਲਮਾਨਾਂ ਵਿਚੋਂ ਹੀ ਗਰਦਾਨੇ ਜਾਂਦੇ ਹਨ ਅਤੇ ਅੰਤ ਫਾਹੇ ਲਾ ਦਿੱਤੇ ਜਾਂਦੇ ਹਨ ਜਾਂ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ। ਇਸੇ ਤਰ੍ਹਾਂ ਇਸਾਈਆਂ ਨੂੰ ਵੀ ਉਹਨਾਂ ਦੇ ਪਾਦਰੀਆਂ ਸਮੇਤ ਅਗਨ ਭੇਂਟ ਕਰਕੇ ਅਤੇ ਔਰਤਾਂ ਦੀਆਂ ਇੱਜ਼ਤਾਂ ਨਾਲ ਖੇਡ ਕੇ ਸਬਕ ਸਿਖਾਏ ਜਾਂਦੇ ਹਨ। ਸਭ ਅਲੱਗ ਅਲੱਗ ਬੁਰੀ ਤਰ੍ਹਾਂ ਮਾਰ ਖਾ ਰਹੇ ਹਨ।

ਬਿਲਕੁਲ ਉਸੇ ਤਰ੍ਹਾਂ ਜਿਵੇਂ ਇਕ ਪ੍ਰਚੱਲਿਤ ਗਾਥਾ ਮੁਤਬਕ ਕਿਸੇ ਦੇ ਖੇਤ ਵਿਚੋਂ ਮੁਸਲਮਾਨ, ਸਿੱਖ, ਦਲਿਤ ਅਤੇ ਇਸਾਈ ਦੋਸਤਾਂ ਨੇ ਖਰਬੂਜੇ ਚੋਰੀ ਕਰ ਲਏ। ਮੌਕੇ 'ਤੇ ਮਾਕ ਵੀ ਆ ਧਮਕਿਆ ਪਰ ਉਹ ਚਾਰਾਂ ਨੂੰ ਵੇਖ ਕੇ ਕੁਝ ਕਹਿਣ ਦਾ ਹੌਸਲਾ ਨਾ ਕਰ ਸਕਿਆ। ਫਿਰ ਉਸਨੂੰ 'ਪਾੜੋ ਤੇ ਰਾਜ ਕਰੋ' ਵਾਲੀ ਸਕੀਮ ਸੁੱਝ ਗਈ। ਉਸਨੇ ਪਹਿਲਾਂ ਦਲਿਤ ਨੂੰ ਕਿਹਾ ਕਿ ਚਲੋ ਬਾਕੀਆਂ ਨੇ ਤਾਂ ਖਾਧੇ ਸੋ ਖਾਧੇ ਤੂੰ ਦੱਸ ਚੋਰੀ ਕਿਉਂ ਕੀਤੀ? ਤੇ ਉਸਨੂੰ ਦਬੋਚ ਲਿਆ। ਬੀਕ ਤਿੰਨੇ ਹੱਸਦੇ ਰਹੇ। ਫਿਰ ਮਾਲਕ ਨੇ ਮੁਸਲਮਾਨ ਨੂੰ ਕਿਹ ਕਿ ਤੂੰ ਕਿਹੜੇ ਹੱਕ ਨਾ ਖਰਬੂਜੇ ਤੋੜੇ? ਤੇ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਬਾਕੀ ਤਿੰਨੇ ਅੰਦਰੋ ਅੰਦਰੀ ਖੁਸ਼ ਹੁੰਦੇ ਰਹੇ। ਇੰਝ ਇਕ ਇਕ ਕਰਕੇ ਚਾਰੇ ਜਣੇ ਮਾਰ ਖਾ ਕੇ ਆ ਗਏ ਤੇ ਖਰਬੂਜੇ ਵੀ ਖੁਆ ਆਏ। ਅੱਜ ਅਸਲ ਵਿਚ ਇਹੋ ਜਿਹੀ ਹਾਲਤ ਹੀ ਬਣੀ ਪਈ ਹੈ।

ਕੀ ਇਸ ਸਿਸਟਮ ਦੇ ਮਾਰੇ, ਲਤਾੜੇ, ਸਤਾਏ, ਨਪੀੜੇ ਤੇ ਲੁੱਟੇ-ਪੁੱਟੇ ਹੋਏ ਲੋਕ ਇਕੱਠਿਆਂ ਹੋ ਕੇ ਨਹੀਂ ਕੁਝ ਸੋਚ ਸਕਦੇ? ਕੀ ਉਹ ਸੋਚਣੋਂ ਇੰਨੇ ਲਾਚਰ ਤੇ ਅਪੰਗ ਹੋ ਗਏ ਹਨ ਕਿ ਆਪਣਾ ਹਾਣ ਤੇ ਲਾਭ ਵੀ ਨਹੀਂ ਸੋਚ ਸਕਦੇ? ਕੀ ਉਹ ਇਸੇ ਤਰ੍ਹਾਂ ਮਾਰ ਖਾਂਦੇ ਰਹਿਣਗੇ? ਆਖਿਰ ਕਦੋਂ ਤੱਕ? ਸ਼ਾਇਦ ਕੌਮਾਂ ਦੇ ਪੂਰੀ ਤਰ੍ਹਾਂ ਨਸ਼ਟ ਹੋਣ ਤੱਕ? ਹੁਣ ਕੌਮਾਂ ਕੋਲ ਆਖਿਰ ਰਹਿ ਵੀ ਕੀ ਗਿਆ ਹੈ? ਗ਼ੈਰਤ, ਇਜ਼ਤ, ਮਾਣ-ਸਵੈਮਾਣ ਸਭ ਕੁਝ ਤਾਂ ਲੇਖੇ ਲੱਗ ਗਿਆ ਹੈ।

## ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲ੍ਹਾ ਪ੍ਰੀਸ਼ਦ ਦੇ 10 ਜੋਨਾਂ ਵਿੱਚੋਂ 9 ਵਿੱਚ ਜਿੱਤ ਪ੍ਰਾਪਤ ਕੀਤੀ

ਕਪੂਰਥਲਾ, 22 ਮਈ ( ਬੀ. ਕੇ. ਰੱਤੂ )- ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ ਦੇ ਚੋਣ ਨਤੀਜਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲ੍ਹਾ ਪ੍ਰੀਸ਼ਦ ਦੇ 10 ਜੋਨਾਂ ਵਿੱਚੋਂ 9 ਵਿੱਚ ਜਿੱਤ ਪ੍ਰਾਪਤ ਕੀਤੀ ਹੈ ਅਤੇ ਇੱਕ ਜੋਨ ਵਿੱਚ ਆਜ਼ਾਦ ਉਮੀਦਵਾਰ ਜਿੱਤ ਹਾਸਿਲ ਕਰਨ ਵਿੱਚ ਸਫਲ ਹੋਇਆ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਡੀ. ਐੱਸ. ਮਾਂਗਟ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵੋਟਾਂ ਦੀ ਗਿਣਤੀ ਦਾ ਕੰਮ ਅਮਨ-ਅਮਾਨ ਤਰੀਕੇ ਨਾਲ ਮੁਕੰਮਲ ਹੋਇਆ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ ਦੇ ਜੋਨ ਭਰੋਆਣਾ (ਔਰਤਾਂ ਲਈ ਰਿਜ਼ਰਵ) ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸ਼੍ਰੀਮਤੀ ਪਰਮਜੀਤ ਕੌਰ ਨੇ 14,106 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੀ ਉਮੀਦਵਾਰ ਸ਼੍ਰੀਮਤੀ ਸੁਖਵਿੰਦਰ ਕੌਰ ਨੂੰ ਹਰਾਇਆ, ਜਿਸ ਨੇ 9,682 ਵੋਟਾਂ ਹਾਸਿਲ ਕੀਤੀਆਂ। ਜੋਨ ਟਿੱਬਾ ( ਐੱਸ. ਸੀ. ਔਰਤਾਂ ਲਈ ਰਿਜ਼ਰਵ) ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸ਼੍ਰੀਮਤੀ ਬਲਵਿੰਦਰ ਕੌਰ ਨੇ 14,873 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੀ ਉਮੀਦਵਾਰ ਸ਼੍ਰੀਮਤੀ ਚਰਨਜੀਤ ਕੌਰ ਨੂੰ ਹਰਾਇਆ, ਜਿਸ ਨੇ 8,912 ਵੋਟਾਂ ਹਾਸਿਲ ਕੀਤੀਆਂ। ਜੋਨ ਫੱਤੂਢੀਗਾਂ (ਜਨਰਲ) ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਗੁਰਦੇਵ ਸਿੰਘ ਨੇ 12,811 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਆਸਾ ਸਿੰਘ ਨੂੰ ਹਰਾਇਆ, ਜਿਸ ਨੇ 6,723 ਵੋਟਾਂ ਹਾਸਿਲ ਕੀਤੀਆਂ। ਜੋਨ ਖੈੜਾ ਦੋਨਾ (ਐੱਸ. ਸੀ. ਰਿਜ਼ਰਵ) ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਗੁਰਮੇਲ ਸਿੰਘ ਨੇ 11,928 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਬਲਵਿੰਦਰ ਸਿੰਘ ਨੂੰ ਹਰਾਇਆ, ਜਿਸ ਨੇ 9,099 ਵੋਟਾਂ ਹਾਸਿਲ ਕੀਤੀਆਂ। ਜੋਨ ਚੂਹੜਵਾਲ (ਔਰਤਾਂ ਲਈ ਰਿਜ਼ਰਵ) ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸ਼੍ਰੀਮਤੀ ਮਨਜੀਤ ਕੌਰ ਨੇ 14,882 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੀ ਉਮੀਦਵਾਰ ਸ਼੍ਰੀਮਤੀ ਜਸਵਿੰਦਰ ਕੌਰ ਨੂੰ ਹਰਾਇਆ, ਜਿਸ ਨੇ 9,796 ਵੋਟਾਂ ਹਾਸਿਲ ਕੀਤੀਆਂ। ਜੋਨ ਲੱਖਣਕੇ ਪੱਡੇ (ਪਛੜੀਆਂ ਸ਼੍ਰੇਣੀਆਂ ਲਈ ਰਿਜ਼ਰਵ) ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਬਿਕਰਮਜੀਤ ਸਿੰਘ ਨੇ 11,615 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਸਤਨਾਮ ਸਿੰਘ ਨੂੰ ਹਰਾਇਆ, ਜਿਸ ਨੇ 9,572 ਵੋਟਾਂ ਹਾਸਿਲ ਕੀਤੀਆਂ। ਜੋਨ ਨੰਗਲ ਲੁਬਾਣਾ (ਜਨਰਲ) ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਭੁਪਿੰਦਰ ਸਿੰਘ ਨੇ 15,765 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਹਰਜੀਤ ਸਿੰਘ ਨੂੰ ਹਰਾਇਆ, ਜਿਸ ਨੇ 7,364 ਵੋਟਾਂ ਹਾਸਿਲ ਕੀਤੀਆਂ। ਜੋਨ ਰਮੀਦੀ (ਜਨਰਲ) ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਗੁਰਿੰਦਰ-ਜੀਤ ਸਿੰਘ ਨੇ 5,690 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਬਲਵੰਤ ਸਿੰਘ ਨੂੰ ਹਰਾਇਆ, ਜਿਸ ਨੇ 4,988 ਵੋਟਾਂ ਹਾਸਿਲ ਕੀਤੀਆਂ। ਜੋਨ ਫਗਵਾੜਾ ਪੂਰਬੀ (ਜਨਰਲ) ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ੍ਰੀ ਸਰਵਣ ਸਿੰਘ ਨੇ 13,451 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸ੍ਰੀ ਸੁਖਮਿੰਦਰ ਸਿੰਘ ਨੂੰ ਹਰਾਇਆ, ਜਿਸ ਨੇ 12,681 ਵੋਟਾਂ ਹਾਸਿਲ ਕੀਤੀਆਂ। ਜੋਨ ਫਗਵਾੜਾ ਪੱਛਮੀ (ਐੱਸ. ਸੀ. ਲਈ ਰਿਜ਼ਰਵ) ਵਿੱਚ ਆਜ਼ਾਦ ਉਮੀਦਵਾਰ ਸ੍ਰੀ ਹਰਭਜਨ ਦਾਸ ਸਿੰਘ ਨੇ 13,616 ਵੋਟਾਂ ਪ੍ਰਾਪਤ ਕਰਕੇ ਹੋਰ ਆਜ਼ਾਦ ਉਮੀਦਵਾਰ ਸ੍ਰੀ ਲੇਖ ਰਾਜ ਨੂੰ ਹਰਾਇਆ, ਜਿਸ ਨੇ 9,252 ਵੋਟਾਂ ਹਾਸਿਲ ਕੀਤੀਆਂ।

## ਫਗਵਾੜਾ 'ਚ ਬਸਪਾ- ਕਾਂਗਰਸ ਗਠਜੋੜ ਨੇ ਮਾਰੀ ਬਾਜ਼ੀ

### ਬਲਾਕ ਸੰਮਤੀ ਚੋਣਾਂ 'ਚ ਜਿੱਤ ਨਾਲ ਨੰਗਲ ਤੇ ਮਾਨ ਦਾ ਸਿਆਸੀ ਕੱਦ ਵਧਿਆ

ਫਗਵਾੜਾ 22 ਮਈ ( ਬੀ. ਕੇ. ਰੱਤੂ ) ਸੱਤਾ ਦਾ ਸੁੱਖ ਭੋਗ ਰਹੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਲਈ ਬਲਾਕ ਸੰਮਤੀ ਦੇ ਐਲਾਨੇ ਨਤੀਜੇ ਬੇਹੱਦ ਮਾੜੇ ਰਹੇ। ਨਤੀਜੇ ਆਉਣ ਤੋਂ ਬਾਅਦ ਗਠਜੋੜ ਦੇ ਆਗੂਆਂ ਦੇ ਚਿਹਰਿਆਂ ਤੇ ਨਿਰਾਸ਼ਾ ਸਾਫ਼ ਝਲਕ ਰਹੀ ਹੈ। ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਬਸਪਾ ਗਠਜੋੜ ਨੇ ਅਕਾਲੀ ਭਾਜਪਾ ਗਠਜੋੜ ਨੂੰ ਰੋਲ ਕੇ ਰੱਖ ਦਿੱਤਾ ਹੈ। ਚੋਣਾਂ ਤੋਂ ਪਹਿਲਾਂ ਅਕਾਲੀ ਭਾਜਪਾ ਆਗੂ ਹੂੰਝਾਫੇਰ ਜਿੱਤ ਦੇ ਦਾਅਵੇ ਕਰ ਰਹੇ ਸਨ। ਕਾਂਗਰਸ ਬਸਪਾ ਗਠਜੋੜ ਨੇ ਸੰਮਤੀ ਚੋਣਾਂ 'ਚ ਅਕਾਲੀ ਭਾਜਪਾ ਗਠਜੋੜ ਸਰਕਾਰ ਦੇ ਉਮੀਦਵਾਰਾਂ ਨੂੰ ਹਰਾ ਕੇ ਨਵਾਂ ਇਤਿਹਾਸ ਰਚਿਆ ਹੈ। ਬਲਾਕ ਸੰਮਤੀ ਦੇ ਐਲਾਨੇ ਨਤੀਜਿਆਂ 'ਚ ਅਕਾਲੀ ਦਲ 5 ਸੀਟਾਂ , ਭਾਜਪਾ 1 , ਕਾਂਗਰਸ 6 ਅਤੇ ਬਸਪਾ ਨੇ 7 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ। ਬਸਪਾ ਕਾਂਗਰਸ ਨੂੰ ਮਿਲੀ ਇਤਿਹਾਸਕ ਜਿੱਤ ਨਾਲ ਆਗੂਆਂ ਦੇ ਚਿਹਰੇ ਖਿੜ੍ਹੇ ਹੋਏ ਹਨ। ਬਲਾਕ ਸੰਮਤੀ ਚੋਣਾਂ 'ਚ ਅਕਾਲੀ ਭਾਜਪਾ ਗਠਜੋੜ ਦੀ ਹਾਰ ਮੌਜੂਦਾ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਸੋਮ ਪ੍ਰਕਾਸ਼ ਕੈਂਥ ਲਈ ਵੀ ਆਉਣ ਵਾਲੇ ਸਮੇਂ ਵਿੱਚ ਖ਼ਤਰੇ ਦੀ ਘੰਟੀ ਹੋ ਸਕਦੀ ਹੈ। ਇਸ ਹਾਰ ਨੇ ਅਕਾਲੀ ਭਾਜਪਾ ਗਠਜੋੜ ਵਲੋਂ ਪੰਜਾਬ ਸੂਬੇ ਦੇ 25 ਸਾਲ ਰਾਜ ਕਰਨ ਦੇ ਦਾਅਵੇ ਤੇ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਜੇਕਰ ਕਾਂਗਰਸ ਬਸਪਾ ਗਠਜੋੜ ਇਸੇ ਤਰ੍ਹਾਂ ਨਗਰ ਨਿਗਮ ਚੋਣਾਂ 'ਚ ਵੀ ਜਾਰੀ ਰਿਹਾ ਤਾਂ ਅਕਾਲੀ ਭਾਜਪਾ ਗਠਜੋੜ ਵਲੋਂ ਸ਼ਹਿਰ ਦਾ ਮੇਅਰ ਬਣਾਉਣ ਦਾ ਸੁਪਨਾ ਵੀ ਅਧੂਰਾ ਰਹਿ ਸਕਦਾ ਹੈ ਅਤੇ ਇਸਦਾ ਸਿੱਧਾ ਅਸਰ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੇ ਵੀ ਪਏਗਾ। ਇੱਥੇ ਇਹ ਜ਼ਿਕਰਯੋਗ ਹੈ ਕਿ ਜੇਕਰ ਅਕਾਲੀ ਭਾਜਪਾ ਗਠਜੋੜ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ ਗਰੁੱਪ ਦਾ ਸਹਾਰਾ ਨਾ ਲੈਂਦਾ ਤਾਂ ਸ਼ਾਇਦ ਅਕਾਲੀ ਭਾਜਪਾ ਗਠਜੋੜ ਦਾ ਹੋਰ ਵੀ ਮਾੜਾ ਹਾਲ ਹੁੰਦਾ। ਬਲਾਕ ਸੰਮਤੀ ਚੋਣਾਂ ਦੇ ਐਲਾਨੇ ਨਤੀਜਿਆਂ ਤੋਂ ਬਾਅਦ ਬਸਪਾ ਦੇ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਅਤੇ ਕਾਂਗਰਸ ਪਾਰਟੀ ਦੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦਾ ਇਸ ਜਿੱਤ ਨਾਲ ਸਿਆਸੀ ਕੱਦ ਹੋਰ ਵੱਧ ਗਿਆ ਹੈ। ਇੱਥੇ ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਜਿਸ ਪਾਰਟੀ ਦਾ ਮੌਜੂਦਾ ਵਿਧਾਇਕ ਤੇ ਸੰਸਦੀ ਸਕੱਤਰ ਹੋਵੇ ਉਸ ਪਾਰਟੀ ਨੂੰ ਸਿਰਫ਼ ਹੀ ਇੱਕ ਸੀਟ ਤੇ ਜਿੱਤ ਦੇਖਣ ਨੂੰ ਨਸੀਬ ਹੋਵੇ ਤਾਂ..?



ਜਰਨੈਲ ਨੰਗਲ



ਜੋਗਿੰਦਰ ਸਿੰਘ ਮਾਨ

# ਪਰਾਧੀਨਤਾ ਪਾਪ ਹੈ ਜਾਨ ਲਿਓ ਹੇ ਮੀਤ
# ਰਵਿਦਾਸ ਦਾਸ ਪਰਾਧੀਨ ਕੋ ਸਵਹੀ ਸਮਜਣ ਹੀਨ



**ਸ੍ਰੀ ਗੁਰੂ ਰਵਿਦਾਸ ਟੈਂਪਲ**
**6221, 16 ਸਟਰੀਟ ਰਿਓਲਿੰਡਾ**
**(ਸੈਕਰਾਮੈਂਟੋ) ਕੈਲੀਫੋਰਨੀਆ ਵਿਖੇ**

**ਰਵਿਦਾਸੀਆ ਕੌਮ ਦੇ ਅਮਰ ਸ਼ਹੀਦ**

**108 ਸੰਤ ਰਾਮਾ ਨੰਦ ਜੀ ਦੀ**



**ਅਮਰ ਸ਼ਹੀਦ 108**
**ਸੰਤ ਰਾਮਾ ਨੰਦ**
**1952-2009**

## ਚੌਥੀ ਬਰਸੀ ਸਮਾਰੋਹ
## ਮਈ, 26, 2013 ਦਿਨ ਐਤਵਾਰ

ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ ਹੁੰਮਾ ਕੇ ਗੁਰੂ ਘਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ**


## ਗਿਆਨ ਚੰਦ ਕਾਜਲਾ 916-456-7029
## ਸੁੱਖ ਰਾਮ ਚੰਦੜ 916-494-4694


# ਜਿੱਤ ਕੇ ਆਏ ਉਮੀਦਵਾਰਾਂ ਦੇ ਮਾਵਾਂ ਨੇ ਸਿਰ ਪਲੋਸੇ

**ਸੁਰਜੀਤ ਮਜਾਰੀ**

ਬਹਿਰਾਮ- ਜ਼ਿਲ੍ਹਾ ਪ੍ਰੀਸ਼ਦ-ਬਲਾਕ ਸੰਮਤੀ ਚੋਣਾਂ ਵਿਚ ਜਿੱਤ ਕੇ ਘਰ ਪਰਤੇ ਉਮੀਦਵਾਰਾਂ ਦੀਆਂ ਮਾਵਾਂ ਨੇ ਉਹਨਾਂ ਦੇ ਸਿਰ ਪਲੋਸਦਿਆਂ ਆਪਣੇ ਤੇਹ/ਮੋਹ ਦਾ ਰੱਜਵਾਂ ਇਜ਼ਹਾਰ ਕੀਤਾ। ਜੇਤੂ ਉਮੀਦਵਾਰਾਂ ਦੇ ਸਮਰਥਕਾਂ ਨੇ ਤਾਂ ਢੋਲ ਢਮੱਕਿਆਂ ਨਾਲ ਜਸ਼ਨ ਮਨਾਏ ਹੀ ਪਰ ਮਾਵਾਂ ਨੇ ਘਰਾਂ ਦੀਆਂ ਬਰੂਹਾਂ 'ਤੇ ਤੇਲ ਚੋਅ ਕੇ ਅਤੇ ਲੱਡੂ ਵੰਡ ਕੇ ਸ਼ਗਨ ਕੀਤੇ। ਜ਼ਿਲ੍ਹਾ ਪ੍ਰੀਸ਼ਦ ਜ਼ੋਨ ਮੁਕੰਦਪੁਰ 'ਤੇ ਜ਼ਿਲ੍ਹੇ ਭਰ ਵਿਚੋਂ ਸਭ ਤੋਂ ਵੱਧ ਵੋਟਾਂ ਲੈ ਕੇ ਜੇਤੂ ਰਹੇ ਸ਼੍ਰੋਮਣੀ ਅਕਾਲੀ ਦਲ/ਭਾਜਪਾ ਗੱਠਜੋੜ ਦੇ ਉਮੀਦਵਾਰ ਜਥੇਦਾਰ ਸੁਰਜੀਤ ਸਿੰਘ ਝਿੰਗੜ ਨੇ ਆਪਣੀ ਜਿੱਤ ਦੇ ਐਲਾਨ ਤੋਂ ਬਾਅਦ ਪਿੰਡ ਆ ਕੇ ਆਪਣੀ ਮਾਂ ਦੇ ਚਰਨ ਪਰਸੇ। ਤੇ ਮਾਂ ਚਰਨ ਕੌਰ ਨੇ ਪੁੱਤ ਦਾ ਸਿਰ ਪਲੋਸਦਿਆਂ ਆਖਿਆ ਕਿ ਮਾਵਾਂ ਲਈ ਪੁੱਤਾਂ ਦੀ ਚੜ੍ਹਦੀ ਕਲਾ ਤੋਂ ਵੱਧ ਕੇ ਕੁਝ ਹੋਰ ਨਹੀਂ ਹੁੰਦਾ। ਇਵੇਂ ਬਲਾਕ ਸੰਮਤੀ ਜੋਨ ਤਾਹਰਪੁਰ ਤੋਂ ਜੇਤੂ ਰਹੇ ਕੁਲਜੀਤ ਸਿੰਘ ਸਰਹਾਲ ਦੀ ਮਾਂ ਗੁਰਮੇਜ ਕੌਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਸ ਦਾ ਪੁੱਤਰ ਆਪਣੇ ਪਿਤਾ ਸਾਬਕਾ ਵਿਧਾਇਕ ਬਲਵੰਤ ਸਿੰਘ ਸਰਹਾਲ ਵਾਂਗ ਸੇਵਾਵਾਂ ਨਿਭਾਵੇਗਾ। ਬਲਾਕ ਸੰਮਤੀ ਜੋਨ ਹੱਪੋਵਾਲ ਤੋਂ ਕਾਂਗਰਸ ਦੇ ਜੇਤੂ ਰਹੇ ਉਮੀਦਵਾਰ ਚੌਧਰੀ ਚਮਨ ਲਾਲ ਸੋਤਰਾ ਦੇ ਮਾਤਾ ਸੁਰ-ਜੀਤ ਕੌਰ ਦਾ ਕਹਿਣਾ ਸੀ ਕਿ ਪੁੱਤਾਂ ਦੀਆਂ ਜਿੱਛਾਂ ਅਤੇ ਪ੍ਰਾਪਤਆਂ ਨਾਲ ਮਾਵਾਂ ਦਾ ਚੋਖਾ ਮਾਣ ਵਧਦਾ ਹੈ। ਬੀਬੀ ਤਰਸੇਮ ਕੌਰ ਜੋ ਕਿ ਬਾਹੜੋਵਾਲ ਜੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਦੀ ਸੀਟ ਜਿੱਤੇ, ਮਹਿਲਾ ਕਾਂਗਰਸ ਆਗੂ ਅਮਰਜੀਤ ਕੌਰ ਝੰਡੇਰ ਦੇ ਸੱਸ ਹਨ, ਦੇ ਅਨੁਸਾਰ ਉਹ ਆਪਣੀ ਨੂੰਹ ਨੂੰ ਹਮੇਸ਼ਾ ਧੀ ਵਰਗਾ ਪਿਆਰ ਦਿੰਦੇ ਹਨ ਤੇ ਇਸ ਜਿੱਤ 'ਤੇ ਉਸ ਨੂੰ ਮਾਂ ਵਾਂਗ ਮਾਣ ਹੈ। ਪਠਲਾਣਾ ਬਲਾਕ ਸੰਮਤੀ ਵਾਲੇ ਜ਼ੋਨ ਤੋਂ ਚੋਣ ਜਿੱਤੇ ਸਮਾਜ ਸੇਵੀ ਹਰਮੇਸ਼ ਵਿਰਦੀ ਵੀ ਆਪਣੀ ਜਿੱਤ ਤੋਂ ਬਾਅਦ ਮਾਂ ਗੁਰੋ ਦੇਵੀ ਨੂੰ ਨਤਮਸਤਕ ਹੋਏ ਤੇ ਆਸ਼ੀਰਵਾਦ ਪ੍ਰਾਪਤ ਕੀਤਾ। ਬਲਾਕ ਸੰਮਤੀ ਜ਼ੋਨ ਬੱਲੋਵਾਲ ਤੋਂ ਮੱਖਣ ਸਿੰਘ ਬਘੌਰਾ ਦੀ ਮਾਂ ਮਹਿੰਦਰ ਕੌਰ ਨੇ ਆਪਣੇ ਪੁੱਤ ਦਾ ਮੂੰਹ ਮਿੱਠਾ ਕਰਵਾਇਆ ਤੇ ਕਿਹਾ ਕਿ ਮਾਵਾਂ ਦਾ ਪਿਆਰ ਪੁੱਤਰਾਂ ਲਈ ਕੁਦਰਤ ਦੇ ਵਰਦਾਨ ਵਾਂਗ ਹੁੰਦਾ ਹੈ। ਖੋਖੜਾ ਬਲਾਕ ਸੰਮਤੀ ਦੇ ਮੈਂਬਰ ਬਣ ਕੇ ਘਰ ਆਏ ਆਜ਼ਾਦ ਉਮੀਦਵਾਰ ਹਰਜਿੰਦਰ ਪਾਲ ਦੀ ਮਾਂ ਤਰਸੇਮ ਕੌਰ ਨੇ ਭਾਵੁਕਤਾ 'ਚ ਆਖਿਆ ਕਿ ਜਦੋਂ ਪੁੱਛ ਕਹਿਣੇਕਾਰ ਤੇ ਹੋਣਹਾਰ ਹੋਣ ਤਾਂ ਉਹਨਾਂ ਦੀ ਜਿੱਤ ਦਾ ਸੁਨੇਹਾ ਮਾਵਾਂ ਦਾ ਹਿਰਦਾ ਹਮੇਸ਼ਾ ਠੰਡਾ ਰੱਖਦਾ ਹੈ। ਜ਼ਿਲ੍ਹਾ ਪ੍ਰੀਸ਼ਦ ਕਰਨਾਣਾ ਤੋਂ ਸਭ ਨਾਲੋਂ ਘੱਟ ਉਮਰ ਦੇ ਜੇਤੂ ਰਹੇ ਕਾਂਗਰਸ ਉਮੀਦਵਾਰ ਰਾਕੇਸ਼ ਕੁਮਾਰ ਨੂੰ ਕਲਾਵੇ 'ਚ ਲੈ ਕੇ ਮਾਂ ਗੁਰਬਖਸ਼ ਕੌਰ ਦੇ ਬੋਲ ਸਨ ਕਿ ਪੁੱਤ ਇਸ ਜਿੱਤ ਦੀ ਤਾਂ ਮੈਨੂੰ ਬਹੁਤ ਖੁਸ਼ੀ ਹੈ। ਹੁਣ ਜਲਦੀ 'ਨੂੰਹ ਰਾਣੀ' ਵੀ ਲੈ ਆ। ਜ਼ਿਲ੍ਹਾ ਪ੍ਰੀਸ਼ਦ ਜੋਨ ਕੁਲਥਮ ਤੋਂ ਜਿੱਤੇ ਨਵਦੀਪ ਸਿੰਘ ਅਨੋਖਰਵਾਲ ਦੀ ਮਾਂ ਸੁਖਜੀਤ ਕੌਰ, ਬਲਾਕ ਸੰਮਤੀ ਜੋਨ ਬਹਿਰਾਮ ਤੋਂ ਜਿੱਤੇ ਮਾਸਟਰ ਤੀਰਥ ਰਾਮ ਭੁੱਟਾ ਦੀ ਮਾਂ ਪ੍ਰਕਾਸ਼ ਕੌਰ, ਬਲਾਕ ਸੰਮਤੀ ਜੋਨ ਬੀਸਲਾ ਤੋਂ ਇਰਵਨ ਰੱਤੂ ਦੀ ਮਾਂ ਸੰਤੋਸ਼ ਕੁਮਾਰੀ, ਬਲਾਕ ਸੰਮਤੀ ਜੋਨ ਮੱਲੂਪੋਤਾ ਤੋਂ ਜੇਤੂ ਰਹੇ ਜਸਵਿੰਦਰ ਸਿੰਘ ਜੱਸਾ ਦੀ ਮਾਂ ਕੁਲਤਾਰ ਕੌਰ, ਬਲਾਕ ਸੰਮਤੀ ਜ਼ੋਨ ਝਿੰਗੜਾਂ ਤੋਂ ਜਿੱਤੇ ਕਾਮਰੇਡ ਬਿਸ਼ਨ ਝਿੰਗੜ ਦੀ ਮਾ ਧਰਮੀ, ਬਲਾਕ ਸੰਮਤੀ ਜੋਨ ਪਰੋਜਪੁਰ ਤੋਂ ਜਿੱਤੇ ਜਥੇਦਾਰ ਜਸਕਮਲ ਸਿੰਘ ਤਲਵੰਡੀ ਫੱਤੂ ਦੀ ਮਾਂ ਹਰਦੇਵ ਕੌਰ ਨੇ ਆਪੋ ਆਪਣੇ ਪੁੱਤਰਾਂ ਦੇ ਸਿਰ ਪਲੋਸੇ ਅਤੇ ਅਸੀਸਾਂ ਦਿੱਤੀਆਂ।





ਫੋਟੋ ਕੈਪਸ਼ਨ- ਬੇਬੇ ਸੁਰਜੀਤ ਕੌਰ ਆਪਣੇ ਪੁੱਤਰ ਚੌਧਰੀ ਚਮਨ ਲਾਲ ਸੋਤਰਾਂ ਅਤੇ ਬੇਬੇ ਚਰਨ ਕੌਰ ਚੋਣ ਜਿੱਤੇ ਆਪਣੇ ਪੁੱਤਰ ਸੁਰਜੀਤ ਸਿੰਘ ਝਿੰਗੜ ਨਾਲ ਮੋਹ ਕਰਦੇ ਹੋਏ। **(ਫੋਟੋ:ਸੁਰਜੀਤ ਮਜਾਰੀ)**

# ਮਨ ਨੀਵਾਂ ਮੱਤ ਉਚੀ



ਤੇਰੀ ਮੱਤ ਉਚੀ ਦਾ ਕੀ ਫਾਇਦਾ
ਜੇ ਮਨ ਹੀ ਨੀਵਾਂ ਹੋਇਆ ਨਾ।
ਤੇਰੇ ਰੰਗ ਰੂਪ ਨੂੰ ਦੱਸ ਕੀ ਕਰੀਏ
ਭੋਰਾ ਅਕਲ ਦਾ ਜੇ ਹੋਇਆ ਨਾ।
ਤੇਰੀ ਅੱਖ ਰੋਈ ਤਾਂ ਕੀ ਰੋਈ
ਜੇ ਧੁਰ ਅੰਦਰੋਂ ਦਿਲ ਰੋਇਆ ਨਾ।
ਦੱਸ ਇਸ ਜੀਵਨ ਦਾ ਕੀ ਫਾਇਦਾ
ਜੇ ਜਿਉਂਦੇ ਜੀ ਤੂੰ ਮੋਇਆ ਨਾ।
ਦੁਨੀਆਂ ਤੇ ਆਉਣ ਦਾ ਕੀ ਫਾਇਦਾ
ਜੇ ਮੰਜ਼ਿਲ ਆਪਣੀ ਨੂੰ ਛੋਹਿਆ ਨਾ।
ਉਸ ਮਾਲਾ ਫੇਰੀ ਦਾ ਕੀ ਫਾਇਦਾ
ਜੇ ਮਨ ਹੀ ਸਾਫ ਹੋਇਆ ਨਾ।
ਅੱਠ ਸੱਠ ਇਸ਼ਨਾਨਾਂ ਦਾ ਕੀ ਫਾਇਦਾ
ਜੇ ਨਾਮ ਨਾਲ ਮਨ ਖੋਇਆ ਨਾ।
ਚੋਰ ਤਾਂ ਚੋਰੀ ਕਰੇਗਾ ਹੀ
ਜੇ ਬੂਹਾ ਆਪਣਾ ਢੋਇਆ ਨਾ।
ਆਪਣਿਆਂ ਨੂੰ ਰੋਣ ਦਾ ਕੀ ਫਾਇਦਾ
ਜੇ ਦੂਜੇ ਦੇ ਮਰੇ ਤੇ ਰੋਇਆ ਨਾ।
ਉਸ ਨਾਮ ਜੱਪਣ ਦਾ ਕੀ ਫਾਇਦਾ
ਜੇ ਉਹਦੇ ਵਿਚ ਤੂੰ ਲੀਨ ਹੋਇਆ ਨਾ।
ਉਹ ਤੇਰਾ ਕਿੱਦਾਂ ਹੋ ਜਾਏਗਾ
ਜੇ ਆਪ ਤੂੰ ਉਹਦਾ ਹੋਇਆ ਨਾ।
ਭਾਰ ਕਿਸੇ ਦਾ ਕੀ ਵੰਡਾਏਂਗਾ ਤੂੰ
ਜੇ ਬੋਝ ਆਪਣਾ ਤੂੰ ਆਪ ਢੋਇਆ ਨਾ।
ਆਪਣਿਆਂ ਨੂੰ ਰੋਣ ਦਾ ਕੀ ਫਾਇਦਾ
ਜੇ ਦੂਜੇ ਦੇ ਮਰੇ ਤੇ ਰੋਇਆ ਨਾ।
ਉਸ ਨਾਮ ਜਪਣ ਦਾ ਕੀ ਫਾਇਦਾ
ਜੇ ਉਹਦੇ ਵਿਚ ਤੂੰ ਲੀਨ ਹੋਇਆ ਨਾ।
ਉਹ ਤੇਰਾ ਕਿੱਦਾਂ ਹੋ ਜਾਏਗਾ
ਜੇ ਆਪ ਤੂੰ ਉਹਦਾ ਹੋਇਆ ਨਾ।
ਭਾਰ ਕਿਸੇ ਦਾ ਕੀ ਵੰਡਾਏਂਗਾ ਤੂੰ
ਜੇ ਬੋਝ ਆਪਣਾ ਤੂੰ ਆਪ ਢੋਇਆ ਨਾ।
ਉਹਨੇ ਨੌਂ ਦੁਆਰ ਬੰਦ ਕੀ ਕਰਨੇ
ਜਿਹਨੂੰ ਗਿਆਨ ਦਸਵੇਂ ਦਾ ਹੋਇਆ ਨਾ।
ਸੱਚ ਨਾਲ ਉਹ ਕਦੋਂ ਨਹੀਂ ਜੁੜ ਸਕਦਾ
ਜਿਹੜਾ ਝੂਠਿਆਂ ਤੋਂ ਦੂਰ ਹੋਇਆ ਨਾ।
ਹੀਰਾ ਤੈਨੂੰ ਉਹਦੀ ਪ੍ਰਾਪਤੀ ਨਹੀਂ ਹੋਣੀ
ਜਿੰਨਾ ਚਿਰ ਉਹਦੇ ਲਈ ਤੂੰ ਰੋਇਆ ਨਾ।
ਉਹਦੇ ਲਈ ਤੂੰ ਰੋਇਆ ਨਾ।

**- ਕਸ਼ਮੀਰ ਸਿੰਘ ਹੀਰਾ**
**(916-798-8142)**

# ਧਰਤ ਦੁਆਬੇ ਦੀ

# ਹੁਣ ਅੰਬਾਂ ਵਾਲਾ ਦੇਸ ਦੁਆਬਾ ਕਿੱਥੇ ਗਿਆ?



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਦੁਆਬੇ ਵਿਚ ਆਈ ਤਬਦੀਲੀ: ਦੁਆਬੇ ਦੀ ਧਰਤੀ ਨੂੰ ਇਹ ਮਾਣ ਹਾਸਿਲ ਹੈ ਕਿ ਇਸਨੇ ਸੂਰਬੀਰ ਯੋਧਿਆਂ ਨੂੰ ਜਨਮ ਦਿੱਤਾ।ਇਸਦੇ ਨਾਲ ਹੀ ਇਸ ਇਲਾਕੇ ਨੂੰ ਅੰਬਾਂ ਦਾ ਘਰ ਵੀ ਮੰਨਿਆ ਗਿਆ ਹੈ।ਪਰ ਸਮੇਂ ਦੀ ਤੋਰ ਨੇ ਤੇ ਵੱਧਦੀ ਹੋਈ ਅਬਾਦੀ ਨੇ ਅੰਬਾਂ ਦੇ ਬਾਗਾਂ ਦੀ ਅਜੇਹੀ ਤਬਾਹੀ ਕੀਤੀ ਕਿ ਹੁਣ ਵਿਜੇ ਰਸੂਲਪੁਰੀ ਵਰਗੇ ਗੀਤਕਾਰਾਂ ਨੂੰ ਇਹ ਲਿਖਣਾ ਪੈ ਗਿਆ ਹੈ:

ਕਿੱਕਰ ਨਿੰਮ ਫਲਾਹ ਤੇ ਜਾਮਣ ਜੜ੍ਹੋਂ ਪੁਟਾ ਸੁੱਟੇ, ਜੰਡ ਬਰੋਟਾ ਤੂਤ ਬੇਰੀਆਂ ਅਸੀਂ ਵਢਾ ਸੁੱਟੇ
ਨਾ ਪਹਿਲਾ ਵਾਲਾ ਰਿਹਾ ਮਾਲਵਾ, ਨਾ ਉਹ ਮਾਝਾ ਜੀ, ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ ਦੁਆਬਾ ਜੀ

ਅਜਕਲ ਇਸ ਇਲਾਕੇ ਵਿਚ ਗੇੜਾ ਮਾਰੀਏ ਤਾਂ ਅੰਬਾਂ ਦੇ ਬਾਗ ਕਿਤੇ ਨਹੀ ਲੱਭਦੇ। ਜੇਕਰ ਕੋਈ ਅੰਬ ਦਾ ਬੂਟਾ ਬਚਿਆ ਹੈ ਤਾਂ ਉਹ ਸੁੱਕੀ ਜਾ ਰਿਹਾ ਹੈ। ਪੁਰਾਣੇ ਬਾਗ ਕੁੱਝ ਲੋਕਾਂ ਦੀ ਮਾੜੀ ਆਰਥਿਕਤਾ ਦਾ ਸ਼ਿਕਾਰ ਹੋ ਗਏ ਨੇ ਤੇ ਕੁੱਝ ਚੌੜੀਆਂ ਹੋਈਆਂ ਸੜਕਾਂ ਦੀ ਭੇਟ ਚੜ੍ਹ ਗਏ ਹਨ।ਅੱਜ ਤੋਂ ਵੀਹ ਪੰਝੀ ਸਾਲ ਪਹਿਲਾਂ ਮਾਹਿਲਪੁਰ ਦਾ ਸਾਰਾ ਆਲਾ ਦੁਆਲਾ ਅੰਬਾਂ ਦੇ ਬਾਗਾਂ ਨਾਲ ਭੱਰਿਆ ਹੁੰਦਾ ਸੀ ।ਜਿਸ ਪਾਸੇ ਨੂੰ ਮਰਜ਼ੀ ਚਲੇ ਜਾਓ ਠੰਡੀਆਂ ਛਾਵਾਂ ਤੇ ਮਿੱਠੈ ਅੰਬਾਂ ਦੀ ਮਹਿਕ ਮਨ ਅੰਦਰ ਅਨੂਠਾ ਰਸ ਘੋਲ ਦਿੰਦੀ ਸੀ।ਇਸ ਇਲਾਕੇ ਦੀ ਪਛਾਣ ਪੂਰੀ ਦੁਨੀਆਂ ਵਿਚ ਅੰਬਾਂ ਦਾ ਘਰ ਅਤੇ ਫੁਟਬਾਲ ਦੀ ਨਰਸਰੀ ਕਰਕੇ ਹੁੰਦੀ ਸੀ।ਅੰਬ ਤਾਂ ਖਤਮ ਹੀ ਸਮਝੋ ਪਰ ਫੁਟਬਾਲ ਅਤੇ ਸਿਖਿਆ ਜਗਤ ਵਿਚ ਇੱਥੋਂ ਦਾ ਖਾਲਸਾ ਕਾਲਜ ਅੱਜਕਲ ਪੰਜਾਬ ਯੂਨੀਵਰਸਿਟੀ ਦਾ ਪਹਿਲਾ ਖੁਦਮੁਖਤਾਰ ਕਾਲਜ ਬਣ ਚੁੱਕਾ ਹੈ। ਜਿੱਥੇ ਦੇਸ਼ ਦੇ ਕਈ ਰਾਜਾਂ ਤੋਂ ਵਿਦਿਆਰਥੀ ਪੜ੍ਹਨ ਲਈ ਆ ਰਹੇ ਹਨ।ਇਸੇ ਤਰਾਂ ਹਰਿਆਣੇ ਭੂੰਗੇ ਲਾਗਲੇ ਬਾਗ ਵੀ ਕੁੱਲ ਦੁਨੀਆ ਵਿਚ ਮਸ਼ਹੂਰ ਰਹੇ ਹਨ। ਬਾਗਾਂ ਦਾ ਇਲਾਕਾ ਹੁਣ ਬਾਗਾਂ ਦੀਆਂ ਠੰਡੀਆਂ ਛਾਵਾਂ ਦਾ ਅਨੰਦ ਮਾਨਣ ਨੂੰ ਤਰਸ ਰਿਹਾ ਹੈ।

ਅੰਬਾਂ ਨੂੰ ਪਕਾਉਣ ਦੀ ਤਿਆਰੀ: ਮੈਨੂੰ ਆਪਣੇ ਬਚਪਨ ਦੀ ਪਟਾਰੀ ਵਿੱਚੋਂ ਯਾਦਾਂ ਆਉਂਦੀਆਂ ਹਨ।ਜਦੋਂ ਸਾਡਾ ਬਾਬਾ ਸ਼੍ਰੀ ਦਲੀਪਾ ਰਾਮ ਜੀ ਬਾਗ ਖਰੀਦਦਾ ਤੇ ਅਸੀਂ ਨਿੱਕੜੇ ਬਾਲ ਉਹਨਾਂ ਨਾਲ ਅੰਬ ਚੁਗਣ ਅਤੇ ਹੋਰ ਨਿੱਕੇ ਮੋਟੇ ਕੰਮਾ ਵਿਚ ਸਹਾਇਤਾ ਕਰਦੇ। ਫਲਾਂ ਦੇ ਰਾਜੇ ਅੰਬ ਨੂੰ ਨਾ ਤਾਂ ਹੁਣ ਪੁਰਾਣੇ ਤਰੀਕੇ ਨਾਲ ਪਕਾਇਆ ਜਾਂਦਾ ਹੈ ਤੇ ਨਾ ਹੀ ਸੰਭਾਲਿਆਂ ਜਾਂਦਾ ਹੈ। ਅਸੀਂ ਆਪਣੇ ਬਾਬਾ ਜੀ ਨਾਲ ਟੋਕਰੀਆਂ ਵਿਚ ਅੰਬ ਲਗਾਕੇ ਪਕਾਉਣ ਲਈ ਚੋਡੇ (ਜਾਲੀ) ਬੁਣਦੇ ਸਾਂ।ਬੜੀ ਕਲਾਕਾਰੀ ਹੁੰਦੀ ਸੀ ਜਾਲ ਬੁਣਨ ਵਿਚ।ਜਦੋਂ ਤੁੜਾਵਾ ਅੰਬ ਤੇ ਚੜ੍ਹਕੇ ਅੰਬ ਤੋਰ ਕੇ ਕਾਂਡੂ (ਜਾਲੀਦਾਰ ਬੋਰਾ) ਵਿਚ ਪਾਉਂਦਾ ਤਾਂ ਕੋਈ ਅੰਬ ਧਰਤੀ ਤੇ ਗਿਰ ਜਾਂਦਾ ਤਾਂ ਉਸਨੂੰ ਬਾਕੀ ਅੰਬਾਂ ਤੋਂ ਵੱਖਰਾ ਰੱਖਿਆ ਜਾਂਦਾ ਸੀ ਤਾਂ ਕਿ ਟੋਕਰੀ ਵਿਚ ਪੈਕੇ ਬਾਕੀ ਅੰਬ ਵੀ ਗ.ਲ ਨਾ ਜਾਣ। ਬੂਟੇ ਨਾਲੋਂ ਅੰਬਾਂ ਨੂੰ ਕਾਂਡੂ ਛਿੱਕੀ ਨਾਲ ਤੋੜਕੇ ਹੇਠਾਂ ਛਾਵੇਂ ਸਿਰਕੀ (ਤੀਲਾਂ ਦੀ ਚਟਾਈ) ਤੇ ਡੰਢੀਆਂ ਤੋੜ ਕੇ ਸੁਕਾਇਆ ਜਾਂਦਾ ਸੀ। ਬਾਅਦ ਦੁਪਹਿਰ ਇਹਨਾਂ ਅੰਬਾਂ ਨੂੰ ਬਗੜ ਨਾਲ ਟੋਕਰੀਆਂ ਵਿਚ ਭੱਰਿਆ ਜਾਂਦਾ ਸੀ। ਪਕਾਉਣ ਦਾ ਇਹ ਕੁਦਰਤੀ ਤਰੀਕਾ ਸੀ।ਕਿਸੇ ਵੀ ਮਸਾਲੇ ਆਦਿ ਦੀ ਵਰਤੋਂ ਨਹੀਂ ਸੀ ਹੁੰਦੀ। ਉਸੇ ਅੰਬ ਨੂੰ ਤੋੜਿਆ ਜਾਂਦਾ ਸੀ ਜਿਸਦੇ ਕੁਦਰਤੀ ਤੌਰ ਤੇ ਪੱਕੇ ਹੋਏ ਅੰਬ ਰੋਜ਼ਾਨਾ ਪੰਜ ਜਾ ਸੱਤ ਦੀ ਗਿਣਤੀ ਵਿਚ ਡਿਗ ਪੈਂਦੇ ਸਨ। ਜਦਕਿ ਅਜਕਲ ਇਹਨਾਂ ਗੱਲਾਂ ਦਾ ਕੋਈ ਖਿਆਲ ਨਹੀ ਰੱਖਿਆ ਜਾਂਦਾ ਸਗੋਂ ਪੇਟੀਆਂ ਵਿਚ ਬੰਦ ਕਰਕੇ ਮਸਾਲਾ ਕੈਲਸ਼ੀਅਮ ਕਾਰਬਾਈਡ ਰੱਖਕੇ ਪਕਾ ਲਿਆ ਜਾਂਦਾ ਹੈ ਜੋ ਸਿਹਤ ਲਈ ਲਾਭਕਾਰੀ ਨਹੀਂ ਹੁੰਦਾ।



ਦੁਆਬੇ ਦੇ ਅੰਬਾਂ ਦੀਆਂ ਪੁਰਾਣੀਆਂ ਕਿਸਮਾਂ: ਇਸ ਤਰ੍ਹਾਂ ਅਜਕਲ ਕੋਈ ਵੀ ਅੰਬ ਕੁਦਰਤੀ ਤਰੀਕੇ ਨਾਲ ਪਕਾਇਆ ਨਹੀਂ ਜਾਂਦਾ। ਇਸੇ ਕਰਕੇ ਕਈ ਵਾਰ ਫਲਾਂ ਦਾ ਰਾਜਾ ਅੰਬ ਖਾਕੇ ਵੀ ਮੂੰਹ ਵਿਚ ਛਾਲੇ ਜਾਂ ਹੋਰ ਕਈ ਤਕਲੀਫਾਂ ਹੋ ਜਾਣ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।ਦੁਆਬੇ ਦੀ ਧਰਤੀ ਤੇ ਕਈ ਪ੍ਰਕਾਰ ਦੇ ਅੰਬ ਅਜ ਤੋਂ 20 ਸਾਲ ਪਹਿਲਾਂ ਮਿਲਦੇ ਸਨ। ਜਿਹਨਾਂ ਨੂੰ ਦੁਸਹਿਰੀ, ਸੌਂਫਿਆ, ਲੰਗੜਾ, ਸੰਧੂਰੀ, ਗਾਜਰੀ, ਲਾਲ ਪਰੀ, ਥਾਣੇਦਾਰ ਆਦਿ ਨਾਂਅ ਦਿੱਤੇ ਜਾਂਦੇ ਸਨ। ਹੁਣ ਜੇਕਰ ਇਹ ਕਹੀਏ ਕਿ ਅੰਬਾਂ ਦੀ ਮਹਿਕ ਲਈ ਦੁਆਬੀਏ ਵੀ ਤਰਸਣ ਲੱਗੇ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ। ਹੁਸ਼ਿਆਰਪੁਰ ਦੀ ਪੁਰਾਣੀ ਹੱਦਬੰਦੀ ਅਨੁਸਾਰ ਇਹ ਸਾਰਾ ਇਲਾਕਾ ਬਾਗਾਂ ਦਾ ਘਰ ਸੀ।ਹਿਮਾਚਲ ਦਾ ਜ਼ਿਲਾ ਊਨਾ ਦਾ ਇਲਾਕਾ ਵੀ ਇਸੇ ਵਿਚ ਹੀ ਗਿਣਿਆ ਜਾਂਦਾ ਰਿਹਾ ਹੈ।ਅਜੇ ਹਿਮਾਚਲ ਦੇ ਇਲਾਕੇ ਵਿਚ ਕੁਝ ਕੁ ਬਾਗਾਂ ਦੇ ਨਜ਼ਾਰੇ ਦੇਖੇ ਜਾ ਸਕਦੇ ਹਨ।

ਅੰਬੀਆਂ ਨੂੰ ਤਰਸੇਂਗੀ ਬਾਗਾਂ ਦੀਆਂ ਰਾਣੀਏ,
ਛੱਡਕੇ ਤੂੰ ਦੇਸ ਦੁਆਬਾ।

ਅੰਬਾਂ ਨੂੰ ਕੁਦਰਤੀ ਢੰਗ ਨਾਲ ਪਕਾਉਣ ਦੀ ਵਿਧੀ: ਅੰਬਾਂ ਨਾਲ ਸਬੰਧਤ ਅਨੇਕਾਂ ਲੋਕ ਗੀਤ ਇਸਦੀ ਮਹਾਨਤਾ ਨੂੰ ਉਜਾਗਰ ਕਰਦੇ ਹਨ। ਪਕਾਏ ਜਾਣ ਵਾਲੇ ਅੰਬ ਦੀ ਡੰਡੀ ਤੋੜ ਦਿੱਤੀ ਜਾਂਦੀ ਹੈ। ਨਹੀਂ ਤਾਂ ਉਹ ਉਸਦੇ ਪੱਕਣ ਵਿਚ ਰੁਕਾਵਟ ਪੈਦਾ ਕਰਦੀ ਹੈ। ਡੰਡੀ ਤੋੜਨ ਵੇਲੇ ਨਿਕਲਣ ਵਾਲੇ ਪਦਾਰਥ ਨੂੰ ਡੋਕ ਕਿਹਾ ਜਾਂਦਾ ਹੈ ਜਿਸਤੋਂ ਅਨੇਕਾਂ ਪ੍ਰਕਾਰ ਦੀਆਂ ਅੱਖਾਂ ਦੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆ ਹਨ। ਇਸ ਡੋਕ ਦਾ ਦਾਗ ਕੱਪੜੇ ਤੋਂ ਕਦੇ ਨਹੀ ਉੱਤਰਦਾ। ਇਸੇ ਤਰ੍ਹਾਂ ਇਹ ਇੰਨਾ ਜ਼ਹਿਰੀਲਾ ਹੁੰਦਾ ਹੈ ਕਿ ਸਰੀਰ ਦੀ ਚਮੜੀ ਨੂੰ ਵੀ ਸਾੜਕੇ ਲਾਲ ਕਰ ਦਿੰਦਾ ਹੈ।

ਫਲਾਂ ਦੇ ਰਾਜੇ ਅੰਬ ਨੂੰ ਜੇਕਰ ਅੱਜ ਵੀ ਕੁਦਰਤੀ ਤਰੀਕੇ ਨਾਲ ਤਿਆਰ ਭਾਵ ਪਕਾਇਆ ਜਾਵੇ ਤਾਂ ਅਸੀਂ ਇਸਦੀ ਸੌ ਫੀਸਦੀ ਪੌਸ਼ਟਿਕਤਾ ਦਾ ਲਾਭ ਲੈ ਸਕਦੇ ਹਾਂ। ਇਹ ਵੀ ਤਜੱਰਬਾ ਦੱਸਦਾ ਹੈ ਕਿ ਕਈ ਅੰਬਾਂ ਦਾ ਰੰਗ ਸੰਧੂਰੀ ਹੁੰਦਾ ਪਰ ਉਹ ਖਾਣ ਵੇਲੇ ਖੱਟੇ ਨਿਕੱਲਦੇ ਹਨ। ਇੱਥੇ ਇਹ ਕਹਾਵਤ ਸੱਚ ਹੋ ਜਾਂਦੀ ਹੈ ਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।

ਅੰਬ ਦੀ ਮਹਾਨਤਾ: ਅੰਬ ਸਾਡੇ ਦੇਸ਼ ਸਮੇਤ ਪਾਕਿਸਤਾਨ ਅਤੇ ਫਿਲਪਾਈਨ ਦਾ ਵੀ ਕੌਮੀ ਫ਼ਲ ਹੈ। ਪੁਰਾਣੇ ਰਾਜੇ ਮਹਾਂ ਰਾਜਿਆਂ ਨੇ ਅੰਬਾਂ ਦੇ ਬਾਗ ਲੁਆਉਣ ਵਿਚ ਬੜੀ ਦਿਲਚਸਪੀ ਲਈ ਸੀ। ਇਸੇ ਕਰਕੇ ਦੁਆਬੇ ਦੀ ਧਰਤੀ ਅੰਬਾਂ ਦਾ ਘਰ ਬਣ ਗਈ ਸੀ। ਬੰਗਲਾ ਦੇਸ਼ ਦਾ ਇਹ ਰਾਸ਼ਟਰੀ ਰੁੱਖ ਹੈ। ਵੈਦਿਕ ਗਰੰਥਾਂ ਅਨੁਸਾਰ ਇਹ ਸਵਰਗ ਦਾ ਫ਼ਲ ਹੈ। ਭਾਰਤ ਵਿਚ ਇਸਦੀ ਪੈਦਾਵਾਰ ਪਿਛਲੇ ਲਗਭਗ ਚਾਰ ਹਜ਼ਾਰ ਸਾਲ ਤੋਂ ਕੀਤੀ ਜਾ ਰਹੀ ਹੈ। ਯੂਰਪੀ ਯਾਤਰੀ ਅਲੈਗਜੈਂਡਰ ਅਤੇ ਉਸਦੀ ਸੈਨਾ ਨੇ ਇਸ ਫਲ ਨੂੰ 327 ਈਸਾ ਪੂਰਵ ਵਿਚ ਦੇਖਿਆ। ਭਾਵੇਂ ਭਾਰਤ ਅੰਬ ਪੈਦਾ ਕਰਨ ਵਾਲਾ ਪ੍ਰਮੁੱਖ ਦੇਸ਼ ਹੈ ਪਰ ਇਸਦੀ ਬਹੁਤੀ ਖਪਤ ਦੇਸ਼ ਵਿਚ ਹੀ ਹੋ ਜਾਂਦੀ ਹੈ ਭਾਰਤ ਵਿਚ ਇਸਦੀਆਂ 500 ਕਿਸਮਾ ਦੱਸੀਆਂ ਗਈਆਂ ਹਨ। ਪ੍ਰਚੱਲਤ 35 ਦੇ ਕਰੀਬ ਹੀ ਹਨ।ਅੰਬ ਦਾ ਵਿਗਿਆਨਕ ਨਾਂ 'ਮੈਂਗੀਫੇਰਾ ਇੰਡੀਕਾ' ਹੈ।

ਅੰਬ ਦੀ ਬਹੁਤੀ ਵਰਤੋਂ ਅਚਾਰ ਵਾਸਤੇ ਕੀਤੀ ਜਾਂਦੀ ਹੈ।ਅੰਬ ਦੀ ਚਟਨੀ, ਮੁਰੱਬਾ, ਮਲਾਂਜੀ, ਬਾਂਜੂ, ਬਾਖੜੀਆਂ ਆਦਿ ਅਨੇਕਾ ਪ੍ਰਕਾਰ ਦੇ ਸਵਾਦੀ ਪਦਾਰਥ ਤਿਆਰ ਕੀਤੇ ਜਾਂਦੇ ਹਨ। ਇਸਦੀ ਖਟਿਆਈ ਨੂੰ ਜਾਇਕਾ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਅੰਬਾਂ ਵਾਲੇ ਇਲਾਕੇ ਵਿਚ ਬਾਂਜੂ ਬੜਾ ਮਸ਼ਹੂਰ ਹੈ ਤੇ ਸਬਜੀ /ਦਾਲ ਵਜੋ ਵਰਤਿਆਂ ਜਾਂਦਾ ਹੈ। ਇਹ ਵੀ ਗੱਲ ਚਰਚਿਤ ਹੁੰਦੀ ਸੀ ਕਿ ਅੰਬਾਂ ਵਾਲੇ ਇਲਾਕੇ ਦੇ ਲੋਕ ਇਸ ਸੀਜ਼ਨ ਵਿਚ ਕੋਈ ਹੋਰ ਦਾਲ ਸਬਜੀ ਨਹੀਂ ਬਣਾਉਂਦੇ ਸਗੋਂ ਅੰਬਾਂ ਦੇ ਹੀ ਜਾਇਕੇਦਾਰ ਪਦਾਰਥ ਤਿਆਰ ਕਰਦੇ ਹਨ।

ਸਿਹਤ ਲਈ ਬੜਾ ਗੁਣਕਾਰੀ: ਡਾਕਟਰੀ ਅੰਦਾਜ਼ੇ ਅਨੁਸਾਰ ਅੰਬ ਇਕ ਅਜਿਹਾ ਫ਼ਲ ਹੈ ਜੋ ਸਰੀਰ ਵਿਚਲੇ ਅਨੇਕਾਂ ਰੋਗਾਂ ਲਈ ਦਾਰੂ ਵਜੋ ਵਰਤਿਆ ਜਾਂਦਾ ਹੈ। ਸੌ ਗ੍ਰਾਮ ਭਾਰ ਵਾਲੇ ਅੰਬ ਵਿਚ 65 ਕਿਲੋ ਕਲੋਰੀ ਊਰਜਾ ਦੇਣ ਦੀ ਸਮਰੱਥਾ ਹੁੰਦੀ ਹੈ। ਜਿਸ ਵਿਚ ਸਭ ਤੋਂ ਵੱਧ 17 ਗ੍ਰਾਮ ਕਾਰਬੋਹਾਈਡ੍ਰੇਟ ਅਤੇ 14.8 ਗ੍ਰਾਮ ਖੰਡ ਹੁੰਦੀ ਹੈ। ਪ੍ਰੋਟੀਨ, ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ, ਪੋਟਾਸ਼ੀਅਮ ਅਤੇ ਜਿੰਕ ਸਮੇਤ ਵਿਟਾਮਿਨ ਏ, ਬੀ ਤੇ ਸੀ ਵੀ ਮੌਜੂਦ ਹੂੰਦਾ ਹੈ। ਪੱਕੇ ਅੰਬ ਚੂਪਣ ਨਾਲ ਦਿਲ, ਹੱਡੀਆਂ ਅਤੇ ਮਾਸ ਪੇਸ਼ੀਆਂ ਨੂੰ ਮਜਬੂਤੀ ਮਿਲਦੀ ਹੈ।

ਨਾਮਰਦਗੀ ਵਾਲੇ ਲੋਕਾਂ ਲਈ ਵੀ ਇਹ ਫ਼ਲ ਬੜਾ ਲਾਭਕਾਰੀ ਹੁੰਦਾ ਹੈ। ਗਰਮੀ ਤੋਂ ਬਚਣ ਲਈ ਇਸਨੂੰ ਸੁਆਹ ਵਿਚ ਭੁੰਨਕੇ ਇਸਦੇ ਗੁੱਦੇ ਦਾ ਸ਼ਰਬਤ ਪੀਤਾ ਜਾ ਸਕਦਾ ਹੈ। ਪੱਕਿਆਂ ਅੰਬਾਂ ਨੂੰ ਚੂਪਣ ਨਾਲ ਅੱਖਾਂ ਦੇ ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਕਿਸੇ ਜਮਾਨੇ ਇਹ ਫਲ ਰਾਜੇ ਮਹਾਰਾਜਿਆ ਦੁਆਰਾ ਹੀ ਖਾਧਾ ਜਾਂਦਾ ਸੀ। ਜਿਸ ਕਰਕੇ ਇਸ ਨੂੰ ਫਲਾਂ ਦਾ ਰਾਜਾ ਮੰਨਿਆ ਜਾਣ ਲੱਗ ਪਿਆ।

ਅੰਬ ਦਾ ਮੰਡੀਕਰਣ: ਜਦੋਂ ਅੰਬ ਦਰੱਖਤ ਉੱਤੇ ਪੱਕ ਕੇ ਹੇਠਾਂ ਡਿਗਦਾ ਹੈ ਤਾਂ ਇਸਨੂੰ ਟਪਕਾ ਕਿਹਾ ਜਾਂਦਾ ਹੈ। ਅਸਲ ਵਿਚ ਰਸਿਆ ਹੋਇਆ ਜਾਂ ਦੇਸੀ ਤਰੀਕੇ ਨਾਲ ਪਕਾਇਆ ਹੋਈਆ ਅੰਬ ਹੀ ਸਿਹਤ ਲਈ ਲਾਭਕਾਰੀ ਹੁੰਦਾ ਹੈ। ਠੰਡੇ ਪਾਣੀ ਵਿਚ ਰੱਖ ਕੇ ਅੰਬਾਂ ਨੂੰ ਚੂਪਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਸੀ। ਅਚਾਰ ਵਾਸਤੇ ਕੱਚਾ ਅੰਬ ਬੋਰਿਆਂ ਵਿਚ ਮੰਡੀਆਂ ਨੂੰ ਭੇਜਿਆ ਜਾਂਦਾ ਹੈ।

ਜਦਕਿ ਪਹਿਲੇ ਪਹਿਲ ਵੱਡੀਆਂ ਬੋਰੀਆਂ ਹੀ ਭੱਰੀਆਂ ਜਾਂਦੀਆਂ ਸਨ। ਇਹਨਾਂ ਦੇ ਹੇਠਾਂ ਅਤੇ ਉੱਪਰ ਪੱਤੇ ਪਾਏ ਜਾਂਦੇ ਸਨ ਤਾਂ ਕਿ ਫਲ ਨੂੰ ਕਿਸੇ ਤਰ੍ਹਾਂ ਸੱਟ ਨਾ ਲੱਗੇ।ਮੰਡੀ ਵਿਚ ਚੰਗਾ ਮੁੱਲ ਪੈਣ ਦੇ ਇਰਾਦੇ ਨਾਲ ਬੋਰੀ ਦੇ ਸਭ ਤੋਂ ਹੇਠਾਂ ਬਰੀਕ ਵਿਚਕਾਰ ਦਰਮਿਆਨਾ ਅਤੇ ਉੱਪਰ ਸਭ ਤੋਂ ਮੋਟਾ ਅੰਬ ਪਾਇਆ ਜਾਂਦਾ ਹੈ।

ਇਹੀ ਤਰੀਕਾ ਪਕਾਉਣ ਵਾਲੀ ਟੋਕਰੀ ਵਿਚ ਤਿੰਨੋ ਤਹਿਆਂ ਲਾਕੇ ਵਰਤਿਆ ਜਾਂਦਾ ਹੈ। ਅਜਕਲ ਪੇਟੀਆਂ ਵਿਚ ਵੀ ਤਹਿਆਂ ਦੀ ਵਰਤੋਂ ਅਖ਼ਬਾਰਾਂ ਵਿਛਾ ਕੇ ਕੀਤੀ ਜਾਂਦੀ ਹੈ।ਪਰ ਪਕਾਉਣ ਦਾ ਤਰੀਕਾ ਗੈਰ ਕੁਦਰਤੀ ਹੈ। ਮੈਂਗੋ ਸ਼ੇਕ, ਮੈਂਗੋ ਫਰੂਟੀ ਨੂੰ ਬੱਚੇ ਬੜੀ ਚਾਹਤ ਨਾਲ ਪੀਂਦੇ ਹਨ।ਜਦਕਿ ਅੰਬਾਂ ਦਾ ਰਸ ਹਰ ਕਿਸੇ ਦੇ ਮੂੰਹ ਵਿਚ ਪਾਣੀ ਲਿਆ ਦਿੰਦਾ ਹੈ। ਹੁਣ ਦੁਆਬੇ ਦੀ ਧਰਤੀ ਚੋਂ ਸੰਧੂਰੀ ਅੰਬਾਂ ਦੀ ਮਹਿਕ ਨਹੀ ਆਉਂਦੀ। ਇਸੇ ਕਰਕੇ ਅਜਕਲ ਕਿਹਾ ਜਾਣ ਲੱਗਾ ਹੈ: ਹੁਣ ਅੰਬੀਆਂ ਨੂੰ ਤਰਸੇਂਗੀ,
ਵਿਚ ਰਹਿਕੇ ਦੇਸ ਦੁਆਬੇ।

# ਕੀ ਇਸ ਵਾਰ ਸੈਂਸਰ ਬੋਰਡ ਬਣ ਸਕੇਗਾ?

ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਵਿਕਾਸ ਲਈ ਸਰਕਾਰਾਂ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਇਸੇ ਉਦੇਸ਼ ਦੀ ਪੂਰਤੀ ਲਈ ਸੱਭਿਆਚਾਰਕ ਵਿਭਾਗ ਦੀ ਸਥਾਪਨਾ ਵੀ ਕੀਤੀ ਹੋਈ ਹੈ।ਇਸ ਦੇ ਨਾਲ ਹੀ ਅਨੇਕਾਂ ਹੋਰ ਜਥੇਬੰਦੀਆਂ ਇਸ ਮਹਾਨ ਕਾਰਜ ਵਿਚ ਜੁਟੀਆਂ ਹੋਇਆਂ ਹਨ। ਇਹਨਾਂ ਸਭ ਦੇ ਹੁੰਦਿਆ ਵੀ ਸਾਡੇ ਕੁੱਝ ਗਾਇਕਾਂ ਨੇ ਸਾਡੇ ਸੱਭਿਆਚਾਰ ਦੀ ਪੱਤ ਲੁੱਟਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਗਾਇਕੀ ਵਿਚ ਅਸ਼ਲੀਲਤਾ ਕਦੋਂ ਆਈ? ਇਸ ਸਵਾਲ ਦਾ ਜੁਆਬ ਦੇਣਾ ਕੋਈ ਸੁਖਾਲਾ ਕਾਰਜ ਨਹੀਂ ਹੈ। ਫਿਰ ਵੀ ਇਤਿਹਾਸਕ ਪਰਤਾਂ ਫਰੋਲਣੀਆਂ ਜਰੂਰੀ ਹਨ। ਕਿਸੇ ਸਮੇਂ ਇਹ ਇਲਜ਼ਾਮ ਉੱਘੇ ਢਾਡੀ ਅਮਰ ਸਿੰਘ ਸ਼ੌਂਕੀ ਤੇ ਵੀ ਲੱਗਾ ਸੀ ਕਿ ਉਸਨੇ ਢਾਡੀ ਹੋ ਕੇ 'ਸਾਹਿਬਾ ਵਾਜਾ ਮਾਰਦੀ ਵਰਗੀਆ' ਰਚਨਾਵਾਂ ਪੇਸ਼ ਕੀਤੀਆਂ। ਇਹ ਤਾਂ ਗੱਲ ਸੀ ਇਕ ਢਾਡੀ ਦੀ ਜੋ ਆਪਣੇ ਸਮੇਂ ਦਾ ਮੰਨਿਆ ਪ੍ਰਮੰਨਿਆ ਢਾਡੀ ਹੋ ਕੇ ਵੀ ਇਲਜ਼ਾਮਾਂ ਦਾ ਸ਼ਿਕਾਰ ਹੋਇਆ ਸੀ। ਫਿਰ ਸਮਾਂ ਆਇਆ 1984 ਦੇ ਕਾਲੇ ਦਿਨਾ ਦਾ।ਖਾੜਕੂ ਲਹਿਰ ਦੀ ਲਪੇਟ ਵਿਚ ਅਮਰ ਸਿੰਘ ਚਮਕੀਲਾ ਆਇਆ ਤਾਂ ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਸ. ਜਗਦੇਵ ਸਿੰਘ ਜੱਸੋਵਾਲ ਜੀ ਨੇ ਕਿਹਾ: 'ਜੇ ਗਾਇਕ ਮਾਰ ਕੇ ਖਾਲਿਸਤਾਨ ਮਿਲਦਾ ਹੈ ਤਾਂ ਸਭ ਤੋਂ ਪਹਿਲਾਂ ਮੈਨੂੰ ਮਾਰੋ'। ਲੁਧਿਆਣੇ ਦੇ ਬੱਸ ਅੱਡੇ ਸਾਹਮਣੇ ਗਾਇਕਾਂ ਦੇ ਲੱਗੇ ਬੋਰਡ ਲੱਥ ਗਏ ਅਤੇ ਦਫਤਰ ਖਾਲੀ ਹੋ ਗਏ। ਗਾਇਕ ਆਪਣੇ ਰੋਣੇ ਰੋਣ ਲੱਗੇ ਕਿਉਂਕਿ ਉਹ ਕੋਈ ਹੋਰ ਕੰਮ ਕਰਨ ਦੇ ਸਮਰੱਥ ਨਹੀਂ ਸਨ।ਇਸੇ ਤਰ੍ਹਾਂ ਗਾਇਕੀ ਦੇ ਘੋੜੇ ਹੌਲੀ ਹੌਲੀ ਆਪ ਮੁਹਾਰੇ ਹੁੰਦੇ ਗਏ।ਸੱਭਿਆਚਾਰਕ ਮੇਲਿਆਂ ਤੇ ਵੀ ਦੋਸ਼ ਲੱਗੇ ਕਿ ਫਲਾਣੇ ਮੇਲੇ ਵਿਚ ਅਸ਼ਲੀਲ ਗਾਇਆ ਗਿਆ। ਪ੍ਰਬੰਧਕਾਂ ਨੂੰ ਇਸ ਵੱਲ ਗੌਰ ਕਰਨ ਦੀ ਲੋੜ ਹੈ। ਮੇਲਿਆਂ ਦੀ ਲਹਿਰ ਨੇ ਪੰਜਾਬ ਵਿਚੋਂ ਗੁਆਚੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਮੁੜ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ।

ਚੈਨਲਾਂ ਦੇ ਖਿਲਾਰੇ ਤੋਂ ਪਹਿਲਾਂ ਸੱਭਿਆਚਾਰਕ ਮੇਲੇ ਤੇ ਦੂਰਦਰਸ਼ਨ ਹੀ ਗਾਇਕੀ ਦੀ ਪ੍ਰਫੁੱਲਤਾ ਵਿਚ ਹਿੱਸਾ ਪਾ ਰਿਹਾ ਸੀ। ਜਲੰਧਰ ਦੂਰਦਰਸ਼ਨ ਦਾ ਨਵੇਂ ਸਾਲ ਦਾ ਪ੍ਰੋਗਰਾਮ ਬੜੀ ਉਚੇਚ ਨਾਲ ਦੇਖਿਆ ਜਾਂਦਾ ਸੀ। ਇਸ ਦਾ ਮੁੱਖ ਕਾਰਨ ਉਸਦਾ ਮਿਆਰ ਸੀ।ਅਜਕਲ ਚੈਨਲਾਂ ਨੇ ਜੋ ਮਿੱਟੀ ਪਲੀਤ ਪੰਜਾਬੀ ਸੱਭਿਆਚਾਰ ਦੀ ਕੀਤੀ ਹੈ ਜਾਂ ਕਰ ਰਹੇ ਹਨ ਸ਼ਾਇਦ ਉਹ ਹੋਰ ਕਿਸੇ ਦੀ ਨਹੀਂ ਹੋਈ। ਗੀਤਾਂ ਦੇ ਬੋਲ ਕੁੱਝ ਹੋਰ ਹੁੰਦੇ ਨੇ ਤੇ ਫਿਲਮਾਂਕਣ ਕੁੱਝ ਹੋਰ ਹੀ ਦਿਖਾਇਆ ਜਾਂਦਾ ਹੈ। ਇਸ ਵਿਸ਼ੇ ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਕ ਵਾਰ ਮੈਂ ਇਕ ਗਾਇਕ ਨੂੰ ਪੁੱਛਿਆ: ਭਾਈ ਤੁਸੀਂ ਗੀਤ ਬਹੁਤ ਵਧੀਆ ਲਿਖਦੇ ਹੋ। ਗਾਉਣ ਵੇਲੇ ਫਿਲਮਾਂਕਣ ਵਧੀਆ ਕਿਉਂ ਨਹੀ ਹੁੰਦਾ? ਉਸ ਗਾਇਕ ਨੇ ਸਾਫ ਹੀ ਕਹਿ ਦਿੱਤਾ ਉਓਥੇ ਸਾਡੀ ਮਰਜ਼ੀ ਨੀ ਚੱਲਦੀ, ਕੰਪਨੀ ਦੀ ਹੀ ਚੱਲਦੀ ਹੈ। ਕਿਉਂਕਿ ਅਸੀਂ ਪੈਸੇ ਲਏ ਹੁੰਦੇ ਨੇ"।ਸੋ ਇਹ ਹੈ ਸੱਚ ਸਾਡੇ ਸੱਭਿਆਚਾਰ ਨੂੰ ਬਿਗਾੜਨ ਵਾਲੇ ਕਪੂਤਾਂ ਦਾ।ਅਸਲ ਵਿਚ ਗਾਇਕਾਂ ਨੂੰ ਸੱਭਿਆਚਾਰ ਦੇ ਅਬੈਂਸਡਰ ਕਿਹਾ ਜਾਂਦਾ ਏ।ਅਜਿਹੇ ਗਾਇਕਾਂ ਦੇ ਗੀਤਾਂ ਦੇ ਫਿਲਮਾਂਕਣ ਨੇ ਪੂਰੀ ਦੁਨੀਆ ਦੇ ਬੱਚਿਆਂ ਵਿਚ ਪੰਜਾਬੀਆਂ ਨੂੰ ਬਦਮਾਸ਼ਾਂ, ਸ਼ਰਾਬੀਆਂ, ਲੜਾਕੂਆਂ ਅਤੇ ਪਤਾ ਨਹੀਂ ਹੋਰ ਕਿੰਨਾ ਕੁੱਝ ਮਾੜਾ ਦਰਜਾ ਦਿਵਾ ਦਿੱਤਾ ਹੈ। ਜਦਕਿ ਦੇਸ਼ ਕੌਮ ਦੀ ਰਾਖੀ ਕਰਨ ਵਾਲੀ, ਅਜ਼ਾਦੀ ਦੀ ਲਹਿਰ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੀ ਪੰਜਾਬੀ ਕੌਮ ਅੱਜ ਨਸ਼ੇੜੀਆਂ ਦੀ ਕੌਮ ਬਣਕੇ ਰਹਿ ਗਈ ਹੈ।ਇਸਦਾ ਮੁੱਖ ਕਾਰਨ ਪ੍ਰਚਾਰ ਹੀ ਹੈ। ਮੀਡੀਏ ਵਿਚ ਪ੍ਰਚਾਰੇ ਜਾ ਰਹੇ ਗੀਤਾਂ ਰਾਹੀਂ ਨਵੀਂ ਪੀੜੀ ਵੀ ਉਸੇ ਲਹਿਰ ਵਿਚ ਬਹਿ ਰਹੀ ਹੈ।ਕਿਸੇ ਨੂੰ ਆਪਣੇ ਰਿਸ਼ਤੇ ਨਾਤਿਆਂ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਕਦਰ ਨਹੀ। ਜੇਕਰ ਪਾਕਿਸਤਾਨ ਵਾਲੇ ਚੈਨਲਾ ਤੇ ਸ਼ਿਕੰਜਾ ਕੱਸ ਸਕਦੇ ਹਨ ਤਾਂ ਸਾਡੇ ਲਈ ਕੀ ਅਸੰਭਵ ਹੈ।

ਪੰਜਾਬੀ ਸੱਭਿਆਚਾਰ ਦਾ ਵਿਕਾਸ ਭਾਸ਼ਾ ਰਾਹੀਂ ਹੋਣਾ ਹੁੰਦਾ ਹੈ।ਭਾਸ਼ਾ ਉਹੀ ਪ੍ਰਫੁਲਤ ਹੁੰਦੀ ਹੈ ਜਿਸਦੇ ਵਰਤੋਂਕਾਰ ਉਸਦਾ ਸਤਿਕਾਰ ਕਰਦੇ ਹੋਏ ਉਸਦੀ ਲੋੜ ਮਹਿਸੂਸ ਕਰਨ।ਪਰ ਅਸੀਂ ਤਾਂ ਪੰਜਾਬੀ ਹੋ ਕੇ ਅੰਗਰੇਜ਼ੀ ਦੇ ਦੀਵਾਨੇ ਹਾਂ ।ਅਸੀਂ ਆਪਣੀ ਭਾਸ਼ਾ ਨੂੰ ਰੋਜ਼ਗਾਰ ਦੀ ਭਾਸ਼ਾ ਬਨਾਉਣ ਵਿਚ ਸਫਲ ਕਹੀਂ ਹੋ ਸਕੇ। ਭਾਸ਼ਾ ਨਾਲ ਪਿਆਰ ਬਾਲ ਅਵਸਥਾ ਵਿਚ ਪੈਣਾ ਹੁੰਦਾ ਹੈ। ਜੇਕਰ ਅਸੀਂ ਮਾਪੇ ਤੇ ਅਧਿਆਪਕ ਹੋ ਕੇ ਉਹਨਾਂ ਨੂੰ ਪੰਜਾਬੀ ਬੋਲਣ ਤੋਂ ਰੋਕਦੇ ਹਾਂ ਫਿਰ ਉਹ ਵੱਡੇ ਹੋਕੇ ਪੰਜਾਬੀ ਕਾਲ ਕਿਵੇਂ ਜੁੜਨਗੇ। ਇਸ ਦਾ ਸਿੱਧਾ ਤੇ ਸਾਧਾ ਜੁਆਬ ਇਹ ਹੈ ਕਿ ਬਾਲਾਂ ਨੂੰ ਰੌਚਿਕ ਬਾਲ ਸਾਹਿਤ ਮੁਹੱਈਆ ਕੀਤਾ ਜਾਵੇ। ਇਹ ਕਾਰਜ ਅਖਬਾਰਾਂ, ਰਸਾਲਿਆਂ ਅਤੇ ਬਾਲ ਪੁਸਤਕਾਂ ਰਾਹੀਂ ਪ੍ਰਦਾਨ ਕੀਤਾ ਜਾ ਸਕਦਾ ਹੈ?ਅਖਬਾਰਾਂ ਤਾਂ ਛਪ ਰਹੀਆਂ ਹਨ ਪਰ ਬਾਲ ਰਸਾਲੇ ਤਾਂ ਲੱਭਿਆਂ ਵੀ ਨਹੀਂ ਲੱਭਦੇ। ਕਾਰਨ ਸਪੱਸ਼ਟ ਹੈ ਕਿ ਸਰਕਾਰੀ ਸਰਪ੍ਰੱਸਤੀ ਨਹੀਂ ਹੈ। ਪੂਰੇ ਪੰਜਾਬ ਅਤੇ ਚੰਡੀਗੜ੍ਹ ਵਿਚੋਂ ਨਿੱਜੀ ਖੇਤਰ ਦਾ ਇਕੋ ਇਕ ਬਾਲ ਰਸਾਲਾ ਉਨਿੱਕੀਆਂ ਕਰੂੰਬਲਾਂ" 1995 ਤੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਬਾਲ ਰਸਾਲੇ ਹਨ। ਬਾਲ ਸੱਭਿਆਚਾਰ ਦੀ ਇਕ ਲਹਿਰ ਚੱਲੀ ਸੀ 1990 ਦੇ ਸਾਲਾਂ ਵਿਚ। ਜਿਸਦਾ ਨਾਂ ਸੀ ਬਾਲ ਪ੍ਰੀਤ ਮਿਲਣੀ ਕਾਫਲਾ। ਲੋਕਾਂ ਨੂੰ ਬਾਲ ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨ ਲਈ ਡਾ. ਰਮਾ ਰਤਨ ਦੀ ਅਗਵਾਈ ਹੇਠ ਸ਼੍ਰੀ ਕਮਲਜੀਤ ਨੀਲੋਂ ਵਰਗੇ ਕਲਾਕਾਰ ਨਾਲ ਪੂਰੇ ਪੰਜਾਬ ਵਿਚ ਤੁਰਿਆ ਸੀ ਇਹ ਕਾਫਲਾ।ਬੁੱਧੀ ਜੀਵੀਆਂ ਵਲੋਂ ਬਹਿਸ ਮੁਬਾਹਸੇ ਕਰਨ ਉਪਰੰਤ ਸਰਕਾਰ ਨੂੰ ਉਬਾਲ ਸਾਹਿਤ ਅਕਾਡਮੀ" ਖੋਲਣ ਦੀ ਤਵਵੀਜ਼ ਦਿੱਤੀ ਸੀ। ਜੋ ਅਜ ਤਕ ਹੋਂਦ ਵਿਚ ਨਹੀਂ ਆ ਸਕੀ। ਇਸੇ ਤਰ੍ਹਾਂ ਵਧੀਆ ਕਾਰਜਾ ਕਰ ਰਹੀਆਂ ਸੱਭਿਆਚਾਰਕ ਸੰਸਥਾਵਾਂ, ਹਾਕਮਾ ਦੇ ਦਰਾਂ ਤੇ ਤਰਲੇ ਕਢ ਰਹੀਆਂ ਹਨ। ਕਾਰਨ ਇਹ ਹੈ ਕਿ ਕਰਨੀ ਤੇ ਕਥਨੀ ਦਾ ਅੰਤਰ ਅੱਜ ਵੀ ਕਾਇਮ ਹੈ। ਗਾਇਕੀ ਵਿਚ ਆਏ ਨਿਘਾਰ ਬਾਰੇ ਕਈ ਚਿੰਤਾਵਾਂ ਸਾਹਮਣੇ ਆ ਰਹੀਆਂ ਹਨ।ਇਹ ਮਸਲੇ ਉਭਰਦੇ ਤੇ ਦੱਬ ਹੁੰਦੇ ਰਹੇ ਹਨ। ਇਸ ਵਾਰ ਫਿਰ ਸਾਡੇ ਮਾਨਯੋਗ ਸੱਭਿਆਚਾਰਕ ਮੰਤਰੀ ਨੇ ਸੈਂਸਰ ਬੋਰਡ ਕਾਇਮ ਕਰਨ ਦਾ ਐਲਾਨ ਕਰਕੇ ਬਹਿਸ ਛੇੜ ਦਿੱਤੀ ਹੈ।ਇਹੀ ਐਲਾਨ 2000 ਵਿਚ ਵੀ ਤੱਤਕਲੀਨ ਸੱਭਿਆਚਾਰਕ ਮੰਤਰੀ ਨੇ ਕੀਤਾ ਸੀ। ਉਦੋਂ ਕੀ ਬਣਿਆ ਸੀ? ਸਾਇਦ ਤੁਹਾਨੂੰ ਪਤਾ ਹੋਵੇਗਾ ਕਿ ਕੰਪਨੀਆਂ ਦੀ ਮਿਲੀਭੁਗਤ ਨਾਲ ਸਾਰਾ ਮਾਮਲਾ ਠੱਪ ਚੰਦ ਹੋਕੇ ਰਹਿ ਗਿਆ ਸੀ। ਇਹੀ ਸਵਾਲ ਫਿਰ ਖੜਾ ਹੋ ਗਿਆ ਹੈ ਕਿ ਇਸ ਵਾਰੀ ਸੈਂਸਰ ਬੋਰਡ ਕਾਇਮ ਹੋ ਸਕੇਗਾ ਕਿ ਨਹੀਂ? ਕਿਸੇ ਵੀ ਚੀਜ਼ ਦੀ ਸਥਾਪਤੀ ਲਈ ਦ੍ਰਿੜਤਾ ਹੋਣੀ ਬਹੁਤ ਜਰੂਰੀ ਹੈ। ਦ੍ਰਿੜ ਇਰਾਦੇ ਹੋਣ ਤਾਂ ਉੱਚੀਆਂ ਮੰਜ਼ਿਲਾਂ ਵੀ ਸੋਖਿਆਂ ਸਰ ਹੋ ਜਾਂਦੀਆ ਹਨ।ਅਜ ਆਪਣੇ ਸੱਭਿਆਚਾਰ ਦੀ ਮਿੱਟੀ ਪਲੀਤ ਹੁੰਦੀ ਦੇਖਕੇ ਰੋਣ ਨਿੱਕਲਦਾ ਹੈ। ਇਸਤਰੀ ਜਾਗ੍ਰਤੀ ਮੰਚ ਨੇ ਗਾਇਕਾਂ ਦੇ ਘਰਾਂ ਅੱਗੇ ਧਰਨੇ ਦੇਕੇ ਸਰਕਾਰ ਨਬੰ ਆਪਣੀ ਜਿੰਮੇਵਾਰੀ ਪ੍ਰਤੀ ਸੁਚੇਤ ਕੀਤਾ ਹੈ। ਗਾਇਕਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਨਸੀਹਤ ਦਿੰਦਿਆਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੇ ਕਿਹਾ ਸੀ 'ਗਾਇਕ ਤੇ ਗੀਤਕਾਰ' ਆਪਣੇ ਘਰੋਂ ਇਹਨਾਂ ਨੂੰ ਪਾਸ ਕਰਾਉਣ। ਪਹਿਲਾਂ ਆਪਣੀਆਂ ਮਾਵਾਂ ਭੈਣਾਂ ਨੂੰ ਸੁਨਾਉਣ ਫਿਰ ਰਿਕਾਰਡ ਕਰਾਉਣ"। ਇਸ ਤੋਂ ਵੱਡੀ ਗੱਲ ਸਵੈ ਪੜਚੋਲ ਅਤੇ ਜਿੰਮੇਵਾਰੀ ਦੀ ਸ਼ਾਇਦ ਨਹੀਂ ਕੀਤੀ ਜਾ ਸਕਦੀ। ਵਿਅਕਤੀ ਨੂੰ ਇਕ ਵਸਤੂ ਵਾਂਗ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ ਔਰਤ ਦਾ ਸਤਿਕਾਰ ਮਾਂ, ਭੈਣ ਅਤੇ ਪਤਨੀ ਦੇ ਰੂਪ ਵਿਚ ਕਾਇਮ ਰਹਿਣਾ ਚਾਹੀਦਾ ਹੈ।

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਸਮੇਤ ਸਭ ਸੰਸਥਾਵਾਂ ਇਸ ਕਾਰਜ ਪ੍ਰਤੀ ਗੰਭੀਰਤਾ ਨਾਲ ਕੰਮ ਕਰਕੇ ਜਸ ਕਮਾ ਸਕਦੀਆਂ ਹਨ। ਪੰਜਾਬ ਸਰਕਾਰ ਅੱਗੇ ਇਹ ਇਕ ਗੰਭੀਰ ਮੁੱਦਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਇਸ ਗੰਦਗੀ ਦੇ ਦਰਿਆ ਵਿਚ ਰੁੜਨ ਤੋਂ ਕਿਵੇਂ ਬਚਾਈਏ? ਸੱਭਿਅਕ ਅਤੇ ਅਸੱਭਿਅਕ ਵਿਚ ਲਕੀਰ ਖਿੱਚਣੀ ਸ਼ਾਇਦ ਸਾਡੇ ਲਈ ਸੰਭਵ ਨਾ ਹੋਵੇ ਪਰ ਇਕ ਗਲ ਹਰ ਕੋਈ ਆਖ ਦਿੰਦਾ ਹੈ ਕਿ ਜਿਹੜੇ ਗੀਤ ਪਰਿਵਾਰ ਵਿਚ ਬੈਠਕੇ ਦੇਖੇ ਸੁਣੇ ਨਹੀਂ ਜਾ ਸਕਦੇ ਉਹ ਮਾਰਕੀਟ ਵਿਚ ਨਹੀਂ ਆਉਣੇ ਚਾਹੀਦੇ। ਅਜਿਹਾ ਕਾਰਜ ਇਕ ਸਮਰੱਥ ਸੈਂਸਰ ਬੋਰਡ ਦੇ ਕਾਰਜਸ਼ੀਲ ਹੋਣ ਨਾਲ ਹੀ ਕੀਤਾ ਜਾ ਸਕਦਾ ਹੈ।

ਐਲਾਨ ਕਰਨ ਨਾਲੋਂ ਅਮਲ ਕਰਨ ਦੀ ਲੋੜ ਹੈ। ਭਾਸ਼ਾ ਸਲਾਹਕਾਰ ਬੋਰਡ ਵਾਂਗ ਹੀ ਇਕ ਸੱਭਿਆਚਾਰਕ ਸਲਾਹਕਾਰ ਬੋਰਡ ਦਾ ਗਠਨ ਕਰਕੇ ਇਸ ਖੇਤਰ ਵਿਚ ਅਹਿਮ ਕਦਮ ਪੁੱਟਿਆ ਜਾ ਸਕਦਾ ਹੈ।

ਪੰਜਾਬੀਆਂ ਲਈ ਆਪਣੀ ਸੱਭਿਆਚਾਰਕ ਹੋਂਦ ਨੂੰ ਕਾਇਮ ਰੱਖਣ ਲਈ ਸੈਂਸਰ ਬੋਰਡ ਵਰਗੇ ਸਖਤ ਕਦਮ ਚੁੱਕਣੇ ਸਮੇਂ ਦੀ ਮੰਗ ਹੈ। ਨਾਲ ਹੀ ਜਿਹੜੇ ਕਲਾਕਾਰ ਪੰਜਾਬੀ ਸੱਭਿਆਚਾਰ ਨੂੰ ਨਰੋਈਆਂ ਕਦਰਾਂ ਕੀਮਤਾਂ ਪ੍ਰਦਾਨ ਕਰਨ ਵਿਚ ਜੁਟੇ ਹੋਏ ਹਨ। ਉਹਨਾਂ ਨੂੰ ਜਿੰਨਾ ਜਿਆਦਾ ਉਤਸ਼ਾਹਿਤ ਕੀਤਾ ਜਾਵੇਗਾ ਉਨਾਂ ਜਿਆਦਾ ਲਾਭ ਹੋਵੇਗਾ। ਫਿਰ ਕੁਰਾਹੇ ਪਏ ਗਾਇਕ ਵੀ ਸਿੱਧੇ ਰਾਹੇ ਪੈਣ ਦਾ ਯਤਨ ਕਰਨਗੇ।ਇਹ ਸਾਰਾ ਕਾਰਜ ਰਾਜਨੀਤੀ ਤੋਂ ਉਪਰ ਉਠਕੇ ਹੀ ਕੀਤਾ ਜਾ ਸਕਦਾ ਹੈ। ਸੈਂਸਰ ਬੋਰਡ ਵਿਚ ਉਹੀ ਲੋਕ ਸ਼ਾਮਿਲ ਕੀਤੇ ਜਾਣ ਜਿਨਾਂ ਨੇ ਸੱਚੀਮੁੱਚੀ ਇਸ ਸਮਾਜ ਨੂੰ ਆਪਣੀ ਕਲਾ ਨਾਲ ਸ਼ਿਗਾਰਿਆ ਹੈ। ਜੇਕਰ ਸਾਡੇ ਸੌੜੇ ਹਿੱਤ ਅੱਗੇ ਰਹੇ ਤਾਂ ਵੀ ਸਾਡੀ ਕੌਮ ਦਾ ਕੁੱਝ ਨਹੀਂ ਸੌਰਨਾ।

ਜੇਕਰ ਇਮਾਨਦਾਰੀ ਨਾਲ ਆਪਣੇ ਸੱਭਿਆਚਾਰ ਦੀ ਸਾਂਭ ਸੰਭਾਲ ਕਰਨੀ ਹੋਵੇ ਤਾਂ ਉਸਾਰੂ ਸੱਭਿਆਚਾਰਕ ਨੀਤੀ ਘੜਕੇ ਇਸ ਖੇਤਰ ਵਿਚ ਸਫਲਤਾ ਹਾਸਿਲ ਕੀਤੀ ਜਾ ਸਕਦੀ। ਸੱਭਿਆਚਾਰਕ ਸਲਾਹਕਾਰ ਬੋਰਡ ਵਿਚ ਸਾਹਿਤਕ ਤੇ ਸੱਭਿਆਚਾਰਕ ਖੇਤਰ ਵਿਚ ਸੰਦਲੀ ਪੈੜਾਂ ਪਾਉਣ ਵਾਲੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਰਏ ਨਾਲ ਸਹੀ ਮਾਰਗ ਦਰਸ਼ਨ ਕੀਤਾ ਜਾ ਸਕਦਾ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪਿਆਰਨ ਤੇ ਸਤਿਕਾਰਨ ਵਾਲਾ ਹਰ ਵਿਅਕਤੀ ਸੈਂਸਰ ਬੋਰਡ ਦੇ ਗਠਨ ਪ੍ਰਤੀ ਆਸਵੰਦ ਹੈ।

# ਸਵਰਗੀ ਸੂਬੇਦਾਰ ਜੋਗਿੰਦਰ ਸਿੰਘ ਹੇੜੀਆਂ

## ਦੀ ਦੂਜੀ ਬਰਸੀ ਤੇ ਸਮੂਹ ਸਨੇਹੀਆਂ, ਮਿੱਤਰਾਂ, ਪਰਿਵਾਰਕ ਮੈਂਬਰਾਂ ਵੱਲੋਂ ਭਾਵ ਭਿੰਨੀ ਸ਼ਰਧਾਂਜਲੀ

# ਦੂਜੀ ਬਰਸੀ


# 29 ਮਈ 2013

ਆਪਣੇ ਜੀਵਨ 'ਚ ਸਮਾਜਿਕ ਨਾ ਬਰਾਬਰਤਾ, ਅੱਨਿਆਂ ਅਤੇ ਸਮਾਜ ਭਲਾਈ ਦੀ ਤਰਫ ਨੂੰ ਘੱਟ ਕਰਨ ਲਈ ਹਮੇਸ਼ਾ ਲਗਨ ਨਾਲ ਕੰਮ ਕਰਨ ਵਾਲੇ ਸੂਬੇਦਾਰ ਜੋਗਿੰਦਰ ਸਿੰਘ ਹੇੜੀਆਂ ਨੂੰ ਆਪਣੇ ਪਰਿਵਾਰ, ਸਨੇਹੀਆਂ, ਸਾਥੀਆਂ, ਸੰਸਥਾਵਾਂ ਤੇ ਪਿੰਡ ਵਾਸੀਆਂ ਤੋਂ ਵਿਛੜਿਆਂ 29 ਮਈ 2012 ਨੂੰ ਦੋ ਸਾਲ ਪੂਰੇ ਹੋ ਰਹੇ ਹਨ। 1928 ਨੂੰ ਜਨਮੇ ਜੋਗਿੰਦਰ ਸਿੰਘ ਫਿਜ਼ੀ ਤੋਂ ਆਏ ਭਾਰਤ ਦੀ ਫੌਜ ਵਿਚ ਸ਼ਾਨਦਾਰ ਸੇਵਾਵਾਂ ਦੇਣ ਤੋਂ ਬਾਅਦ ਪਿੰਡ ਦੀ ਨੰਬਰਦਾਰੀ ਯੂਨੀਅਨ ਦੀ ਪੰਜਾਬ ਪੱਧਰ ਦੀ ਅਹੁਦੇਦਾਰੀ, ਫਿਰ 1989 ਵਿਚ ਅਮਰੀਕਾ ਦੀਆਂ ਸਮਾਜਿਕ ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ 'ਚ ਆਪਣੀਆਂ ਸਰਗਰਮੀਆਂ ਕਰਦੇ ਹੋਏ ਸਮਾਜ ਸੇਵਾ ਹਿੱਤ ਪਿੰਡ ਤੇ ਇਲਾਕੇ 'ਚ ਕੰਮ ਕਰਨ ਵਾਲੇ ਸੂਬੇਦਾਰ ਜੋਗਿੰਦਰ ਸਿੰਘ ਨੂੰ ਡਾਕਟਰ ਅੰਬੇਦਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਮਿਸ਼ਨ ਵਾਸਤੇ ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਹੁੰਦਿਆਂ ਆਪਣੇ ਸਾਥੀਆਂ ਨਾਲ ਮਿਲ ਕੇ ਮੁੱਖ ਭੂਮਿਕਾ ਨਿਭਾਈ। 1998 ਵਿਚ ਪਹਿਲੀ ਦਲਿਤ ਕਾਨਫਰੰਸ ਜੋ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਕੁਆਲਾਲੰਮਪੁਰ, ਮਲੇਸ਼ੀਆ 'ਚ ਹੋਈ ਸੀ, ਉਸ ਵਿਚ ਆਪਣੇ ਸਾਥੀਆਂ ਸਰਬਜੀਤ ਸਰੋਆ, ਸੋਨੂੰ ਅੰਬੇਦਕਰ, ਸੋਹਣ ਸਿੰਘ ਚੋਲਾ, ਮੋਹਨ ਲਾਲ ਗਿੱਲ, ਜੋਗੇਸ਼ ਵਗੜੇ ਨਾਲ ਭਾਗ ਲੈਣ ਗਏ। ਪਿੰਡ ਹੇੜੀਆਂ ਵਿਚ ਵੀ ਉਹਨਾਂ ਦੇ ਸਹਿਯੋਗ ਨਾਲ ਹੋਏ ਕੰਮਾਂ ਨੂੰ ਵੀ ਯਾਦ ਕੀਤਾ ਜਾਂਦਾ ਰਹੇਗਾ। 29 ਮਈ ਨੂੰ ਉਹਨਾਂ ਦੀ ਦੂਜੀ ਬਰਸੀ 'ਤੇ ਉਹਨਾਂ ਦੇ ਪਰਿਵਾਰ, ਸਾਕ-ਸਬੰਧੀਆਂ ਤੇ ਸਨੇਹੀਆਂ ਵੱਲੋਂ ਸੂਬੇਦਾਰ ਜੋਗਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ।




**ਸਵਰਗੀ ਸੂਬੇਦਾਰ ਜੋਗਿੰਦਰ ਸਿੰਘ ਹੇੜੀਆਂ**

**ਸਾਬਕਾ ਪ੍ਰਧਾਨ**
**ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ**




ਲੇਖਕ ਧਰਮ ਚੰਦ 'ਮਹੇ' ਦੁਆਰਾ ਹਾਲ ਹੀ ਵਿਚ ਰਚਿਤ ਪੁਸਤਕ 'ਸਾਡਾ ਪ੍ਰਣਾਮ' ਜੋ ਕਿ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਉਤੇ ਭਰਪੂਰ ਚਾਨਣਾ ਪਾਉਂਦੀ ਹੈ, ਅਗਲੇਰੇ ਦਿਨਾਂ ਵਿਚ ਰਿਲੀਜ਼ ਹੋਣ ਜਾ ਰਹੀ ਹੈ, ਇਹ ਪੁਸਤਕ ਮਲਿੰਦ ਪ੍ਰਕਾਸ਼ਨ ਜਲੰਧਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। –ਸੰਪਾਦਕ




ਲੇਖਕ ਕਮਲ ਦੇਵ ਪਾਲ ਨੇ ਦੇਸ ਦੁਆਬਾ ਤੇ ਅੰਬੇਦਕਰ ਟਾਇਮਸ ਦੇ ਸੰਪਾਦਕ ਨੂੰ ਕਿਤਾਬ ਭੇਂਟ ਕਰਦਿਆਂ ਕਿਹਾ ਕਿ ਉਹਨਾਂ ਦੀ ਪਲੇਠੀ ਕਿਤਾਬ 'ਦਿਨ ਪਰਤ ਆਉਣਗੇ' 26 ਮਈ ਨੂੰ ਰਿਲੀਜ ਕੀਤੀ ਜਾਵੇਗੀ।

# ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ (IBO) ਪਿਟਸਬਰਗ ਵੱਲੋਂ

ਭਾਰਤ ਦੇ ਸੰਵਿਧਾਨ ਦੇ ਰਚਨਹਾਰਾ

## ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ




122 ਵਾਂ ਜਨਮ ਦਿਹਾੜਾ

**26 ਮਈ 2013, ਦਿਨ ਐਤਵਾਰ**

**ਨੂੰ ਮਹਿਰਾਨ ਰੈਸਟੋਰੈਂਟ ਪਿਟਸਬਰਗ,**

ਕੈਲੀਫੋਰਨੀਆ ਵਿਖੇ

**ਦੁਪਿਹਰ 2 ਵਜੇ ਤੋਂ ਰਾਤੀਂ 8 ਵਜੇ ਤੱਕ**

ਬੜੀ ਧੂਮਧਾਮ ਅਤੇ ਖੁਸ਼ੀਆਂ ਨਾਲ
ਮਨਾਇਆ ਜਾ ਰਿਹਾ ਹੈ।

**CHIEF GUEST**

## DR. M.NIRALA AND DR. S.L.VIRDI

(SCIENTIST)

US DEPT.OF DEFENCE (DOD) WASHINGTON DC

ਡਾਕਟਰ ਅੰਬੇਡਕਰ ਜੀ ਦੇ ਵਿਚਾਰਾਂ ਨੂੰ ਪੂਰੀ ਦੁਨੀਆਂ ਵਿੱਚ ਪਹੁੰਚਾਉਣ ਦੇ ਚਾਹਵਾਨ ਭੈਣਾਂ ਭਰਾਵਾਂ ਨੂੰ ਇਸ ਸਮਾਰੋਹ ਵਿੱਚ ਪੁਜਣ ਦੀ ਅਪੀਲ ਕੀਤੀ ਜਾਂਦੀ ਹੈ।





**MEDIA SPONSOR : RICKY DIGITAL CENTER**

Contact: (925)234-2357 (925)698-1924

## ਇਹ ਹੈ ਸਾਡਾ ਦੇਸ- ਦੁਆਬਾ

## ਸਿਹਤ ਸਹੂਲਤਾਂ ਲਈ ਵਰਦਾਨ

# ਸ੍ਰੀ ਨਾਭ ਕੰਵਲ ਰਾਜਾ ਸਾਹਿਬ ਚੈਰੀਟੇਬਲ ਹਸਪਤਾਲ- ਮਜਾਰਾ ਨੌ ਆਬਾਦ



-ਰੇਸ਼ਮ ਕਰਨਾਣਵੀ
98158-80104

















ਦੁਆਬਾ ਖੇਤਰ ਪੰਜਾਬ ਦੀ ਉਹ ਮਾਣਮੱਤੀ ਧਰਤੀ ਹੈ, ਜਿਸ ਦੇ ਜੰਮੇ-ਜਾਏ ਲੋਕ ਦੁਨੀਆਂ ਭਰ ਵਿਚ ਵੱਸੇ ਹੋਏ ਹਨ। ਇਹਨਾਂ ਲੋਕਾਂ ਨੂੰ ਹੀ ਵਿਦੇਸ਼ਾਂ 'ਚ ਪਹਿਲ-ਪ੍ਰਥਮੇ ਸਥਾਪਤ ਹੋਣ ਦਾ ਮਾਣ ਹਾਸਲ ਹੈ। ਇਹ ਧਰਤੀ ਬਹੁਤ ਸਾਰੀਆਂ ਧਾਰਮਿਕ, ਸਮਾਜਿਕ, ਰਾਜਨੀਤਿਕ ਲਹਿਰਾਂ ਵਿਚ ਮੋਢੀ ਭੂਮਿਕਾ ਨਿਭਾਉਣ ਵਾਲੇ ਵਿਅਕਤੀਆਂ ਅਤੇ ਮਹਾਂਪੁਰਸ਼ਾਂ ਦੀ ਜਨਮਦਾਤੀ ਹੈ। ਦੁਆਬੇ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਬ-ਤਹਿਸੀਲ ਬੰਗਾ ਤੋਂ ਦੱਖਣ ਦਿਸ਼ਾ 'ਚ ਪੰਜ ਕਿਲੋਮੀਟਰ ਦੂਰ ਬੰਗਾ ਤੋਂ ਔੜ ਸੜਕ 'ਤੇ ਗੁਣਾਚੌਰ ਅਤੇ ਕਰਨਾਣਾ ਦੇ ਵਿਚਕਾਰ ਸਥਿਤ ਮਸ਼ਹੂਰ ਪਿੰਡ ਮਜਾਰਾ ਨੌ ਆਬਾਦ, ਬ੍ਰਹਮ ਗਿਆਨੀ ਧੰਨ-ਧੰਨ 108 ਸ੍ਰੀ ਨਾਭ ਕੰਵਲ ਰਾਜਾ ਸਾਹਿਬ (ਬਾਬਾ ਭਗਵਾਨ ਦਾਸ ਮੌਜ਼ਦਿਲ) ਜੀ ਦੀ ਵਰੋਸਾਈ ਹੋਈ ਧਰਤੀ ਹੈ। ਜਿੱਥੇ ਰਾਜਾ ਸਾਹਿਬ ਜੀ ਦਾ ਪ੍ਰਮੁੱਖ ਅਸਥਾਨ ਰਸੋਖਾਨਾ ਸਾਹਿਬ ਸਥਿਤ ਹੈ। ਰਾਜਾ ਸਾਹਿਬ ਜੀ ਪ੍ਰਤੀ ਸ਼ਰਧਾਵਾਨ ਸੰਗਤ ਦੇਸ਼ ਅਤੇ ਵਿਦੇਸ਼ਾਂ ਵਿਚ ਉਹਨਾਂ ਦੀ ਅਪਾਰ ਕਿਰਪਾ ਸਦਕਾ ਹਰ ਤਰ੍ਹਾਂ ਦੇ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੀ ਹੈ। ਇਲਾਕੇ ਭਰ ਦੇ ਲੋਕਾਂ ਦੀਆਂ ਸਿਹਤ ਸਹੂਲਤਾਂ ਅਤੇ ਇਲਾਜ ਲਈ ਧੰਨ-ਧੰਨ ਸ੍ਰੀ ਨਾਭ ਕੰਵਲ ਮੈਮੋਰੀਅਲ ਚੈਰੀਟੇਬਲ ਟਰੱਸਟ ਵੱਲੋਂ ਜੋ ਕਾਰਜ 1990-91 ਤੋਂ ਆਰੰਭਿਆ ਸੀ ਉਹ ਹੁਣ 2003 ਤੋਂ ਇਕ ਵੱਡੇ ਹਸਪਤਾਲ ਦੇ ਰੂਪ ਵਿਚ ਸਥਾਪਤ ਹੋ ਚੁੱਕਾ ਹੈ। ਨਿੱਜੀ ਹਸਪਤਾਲਾਂ ਦੇ ਮਹਿੰਗੇ ਇਲਾਜ ਅਤੇ ਸਰਕਾਰੀ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਦੀ ਘਾਟ ਕਾਰਨ ਆਮ ਲੋਕਾਂ ਦੀ ਨਿਰਾਸ਼ਾ ਦਾ ਇਹ ਇਕ ਵਡਮੁੱਲਾ ਸਮਾਧਾਨ ਹੈ, ਕਿਉਂਕਿ ਇੱਥੋਂ ਕਰੀਬ 155 ਪਿੰਡਾਂ ਦੇ ਲੋਕ ਸਿਹਤ ਸਹੂਲਤਾਂ ਦਾ ਲਾਭ ਉਠਾਉਂਦੇ ਹਨ। ਇਹ ਟਰੱਸਟ ਐਨ. ਆਰ. ਆਈਜ਼ ਦਾਨੀ ਲੋਕਾਂ ਅਤੇ ਸ੍ਰੀ ਰਾਜਾ ਸਾਹਿਬ ਰਸੋਖਾਨਾ ਵੱਲੋਂ ਚਲਾਇਆ ਜਾ ਰਿਹਾ ਹੈ। ਜੋ ਕਰੋੜਾਂ ਰੁਪਏ ਟਰੱਸਟ ਲਈ ਤੇ ਰਾਜਾ ਸਾਹਿਬ ਦਰਬਾਰ ਲਈ ਦਾਨ ਕਰ ਰਹੇ ਹਨ। ਉਹਨਾਂ ਦੇ ਸੁਭਾਗੇ ਸਾਥ ਨਾਲ ਹੀ ਟਰੱਸਟ ਵੱਲੋਂ ਹੋਰ ਵੀ ਵੱਡੇ ਸੰਕਲਪ ਅਤੇ ਉਦੇਸ਼ ਮਿੱਥੇ ਹਨ, ਜਿਹਨਾਂ ਦੀ ਪੂਰਤੀ ਲਈ ਦਾਨੀ ਸੰਗਤ ਅਤੇ ਟਰੱਸਟੀ ਯਤਨਸ਼ੀਲ ਹਨ।

ਲੱਗਭੱਗ ਚਾਰ ਏਕੜ ਵਿਚ ਸਥਾਪਤ ਇਸ ਚੈਰੀਟੇਬਲ ਹਸਪਤਾਲ ਦਾ ਨੀਂਹ ਪੱਥਰ 7 ਦਸੰਬਰ 1990 ਨੂੰ ਸ. ਅਮਰੀਕ ਸਿੰਘ ਪੂੰਨੀ (ਆਈ. ਏ. ਐਸ.) ਵਿੱਤ ਸਕੱਤਰ (ਵਿਕਾਸ) ਪੰਜਾਬ ਸਰਕਾਰ ਨੇ ਰੱਖਿਆ। ਇਸ ਦੀ ਸ਼ੁਰੂਆਤ ਰਾਜਾ ਸਾਹਿਬ ਰਸੋਖਾਨਾ ਦੀ ਇਮਾਰਤ ਵਿਚ ਡਿਸਪੈਂਸਰੀ ਤੋਂ ਕੀਤੀ ਗਈ। ਹੁਣ ਇਹ ਹਸਪਤਾਲ 75 ਬਿਸਤਰਿਆਂ ਦਾ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਜਿਸ ਵਿਚ ਨਿਪੁੰਨ ਤੇ ਮਿਹਨਤੀ ਸਟਾਫ ਵਧੀਆ ਸੇਵਾ ਨਿਭਾਅ ਰਿਹਾ ਹੈ।

ਨਾਭ ਕੰਵਲ ਰਾਜਾ ਸਾਹਿਬ ਪ੍ਰਬੰਧਕੀ ਕਮੇਟੀ ਵੱਲੋਂ ਬਣਾਏ ਗਏ ਇਸ ਟਰੱਸਟ ਵਿਚ ਡਾਕਟਰ ਗੁਰਦਾਸ ਸਿੰਘ ਪ੍ਰਧਾਨ, ਕਰਨਲ ਸਵਰਨ ਸਿੰਘ, ਗੁਰਚਰਨ ਸਿੰਘ, ਮੋਹਣ ਲਾਲ, ਗਿਆਨ ਸਿੰਘ ਅਤੇ ਮੌਜੂਦਾ ਪ੍ਰਧਾਨ ਕੁਲਵੰਤ ਸਿੰਘ ਸ਼ਾਮਲ ਸਨ। 2003 ਤੋਂ ਇਹ ਹਸਪਤਾਲ 24 ਘੰਟੇ ਐਮਰਜੈਂਸੀ ਸਹੂਲਤਾਂ ਲਈ ਤਿਆਰ ਹੋ ਗਿਆ ਅਤੇ ਸਰਜੀਕਲ ਅਪ੍ਰੇਸ਼ਨ ਸ਼ੁਰੂ ਕਰ ਦਿੱਤੇ ਸਨ। ਇਸ ਸ਼ੁਰੂਆਤ ਲਈ ਸੀ. ਐਮ. ਸੀ. ਦੇ ਸਾਬਕਾ ਡਾਇਰੈਕਟਰ ਡਾਕਟਰ ਦੇਵਦਰ ਦੀ ਮੁੱਖ ਭੂਮਿਕਾ ਰਹੀ। ਹਸਪਤਾਲ ਆਧੁਨਿਕ ਸਹੂਲਤਾਂ ਵਾਲੀ ਦੋ ਮੰਜ਼ਿਲਾ ਇਮਾਰਤ ਰਸੋਖਾਨਾ ਕਮੇਟੀ ਵੱਲੋਂ ਉਸਾਰੀ ਗਈ ਹੈ। ਉਥੋਂ ਹੀ ਰਾਸ਼ਨ, ਬਿਜਲੀ ਅਤੇ ਪਾਣੀ ਦੀ 24 ਘੰਟੇ ਨਿਰਵਿਘਨ ਸਪਲਾਈ ਦਿੱਤੀ ਜਾਂਦੀ ਹੈ। ਇਸ ਇਮਾਰਤ ਵਿਚ ਹੀ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਵੀ ਰਸੋਖਾਨਾ ਰਾਜਾ ਸਾਹਿਬ ਵੱਲੋਂ ਹੀ ਕੀਤਾ ਜਾਂਦਾ ਹੈ।

ਰਸੋਖਾਨਾ ਕਮੇਟੀ ਵੱਲੋਂ ਕਰੀਬ 36 ਸਾਲ ਪਹਿਲਾਂ ਸ਼ੁਰੂ ਕੀਤੇ ਗਏ ਅੱਖਾਂ ਦੇ ਮੁਫ਼ਤ ਅਪ੍ਰੇਸ਼ਨ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ। ਸਾਲ ਵਿਚ ਦੋ ਕੈਂਪ ਫਰਵਰੀ, ਮਾਰਚ ਮਹੀਨੇ ਅਤੇ ਅਕਤੂਬਰ ਨਵੰਬਰ ਮਹੀਨੇ ਲਗਾਏ ਜਾਂਦੇ ਹਨ। ਹਰ ਕੈਂਪ ਵਿਚ 500 ਤੋਂ 1000 ਦੇ ਲੱਗਭੱਗ ਮਰੀਜ਼ ਚੈਕਅਪ ਅਤੇ ਅਪ੍ਰੇਸ਼ਨ ਕਰਵਾਉਂਦੇ ਹਨ। ਮਰੀਜ਼ਾਂ ਲਈ ਮੁਫ਼ਤ ਲੈਂਜ਼, ਦਵਾਈਆਂ, ਐਨਕਾਂ, ਰਿਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਰਸੋਖਾਨਾ ਕਮੇਟੀ ਵੱਲੋਂ ਤੇ ਟਰੱਸਟ ਵੱਲੋਂ ਕੀਤਾ ਜਾਂਦਾ ਹੈ। ਚੌਵੀ ਘੰਟੇ ਐਮਰਜੈਂਸੀ ਇਲਾਜ ਲਈ ਖੁੱਲ੍ਹਣ ਵਾਲੇ ਹਸਪਤਾਲ ਵਿਚ ਵੱਡੇ ਆਪ੍ਰੇਸ਼ਨ ਅਤੇ ਦੂਰਬੀਨ ਨਾਲ 30-35 ਦੇ ਕਰੀਬ ਕੀਤੇ ਜਾਂਦੇ ਹਨ। ਅੱਖਾਂ ਦੇ ਮਰੀਜ਼ਾਂ ਦੇ ਇਲਾਜ ਲਈ ਡਾਕਟਰ ਹਰ ਹਫ਼ਤੇ ਆਉਂਦੇ ਹਨ। ਇੱਥੋਂ ਲੋੜ ਅਨੁਸਾਰ ਫਰੀ ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ, ਜਿਹਨਾਂ ਵਿਚ ਮਰੀਜ਼ਾਂ ਦੇ ਲੈਬ ਟੈਸਟ ਐਕਸ-ਰੇ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਬਾਕੀ ਦਿਨਾਂ 'ਚ ਦਸ ਰੁਪਏ ਦੀ ਪਰਚੀ ਤੇ 132 ਕਿਸਮ ਦੀਆਂ ਦਵਾਈਆਂ ਮੁਫਤ ਅਤੇ ਬਾਕੀ ਦਵਾਈਆਂ ਖਰੀਦ ਮੁੱਲ ਤੇ ਹੀ ਦਿੱਤੀਆਂ ਜਾਂਦੀਆਂ ਹਨ। ਨੱਕ, ਕੰਨ, ਗ਼ਲੇ, ਮਰੀਜ਼ਾਂ ਦਾ ਇਲਾਜ ਤੇ ਅਪ੍ਰੇਸ਼ਨ ਕੀਤੇ ਜਾਂਦੇ ਹਨ। ਹੱਡੀਆਂ ਤੇ ਮਰੀਜ਼ਾਂ ਲਈ ਫਰੀ ਟੈਸਟ ਕੈਂਪ, ਇਲਾਜ, ਅਪ੍ਰੇਸ਼ਨ ਅਤੇ ਚੂਲ੍ਹੇ ਬਦਲਣ ਦਾ ਵੀ ਪ੍ਰਬੰਧ ਹੈ। ਇਸ ਨਾਲ ਹੀ ਫਿਜਿਓਥਰੈਪਿਸਟ ਦੀ ਸੁਵਿਧਾ ਵੀ ਉਪਲਬਧ ਹੈ। ਦੰਦਾਂ ਅਤੇ ਚਮੜੀ ਦੇ ਰੋਗਾਂ ਦੇ ਡਾਕਟਰ ਸੇਵਾ 'ਚ ਹਨ। ਇਸ ਤਰ੍ਹਾਂ ਹੀ ਗਾਇਨੀ ਵਿਭਾਗ, ਵੈਂਟੀਲੇਟਰ, ਸਕੈਨਿੰਗ, ਐਕਸ-ਰੇ, ਕੰਪਿਊਟਰਾਈਜ਼ਡ ਲੈਬਾਰਟਰੀ, ਟੀ. ਬੀ. ਸੈਂਟਰ ਤੇ ਟੀ. ਬੀ. ਦੀ ਮੁਫ਼ਤ ਦਵਾਈ, 24 ਘੰਟੇ ਐਂਬੂਲੈਂਸ ਦੀ ਸਹੂਲਤ ਉਪਲਬਧ ਹੈ। ਹਸਪਤਾਲ ਵਿਚ ਮੌਰਚਰੀ ਰੂਮ ਜਿਸ ਵਿਚ ਅੱਠ ਲਾਸ਼ਾਂ ਰੱਖਣ ਦਾ ਪ੍ਰਬੰਧ ਹੈ, ਬਿਨਾਂ ਕਿਸੇ ਖਰਚ ਦੇ ਮੁਹੱਈਆ ਕਰਵਾਇਆ ਜਾਂਦਾ ਹੈ।

ਸ੍ਰੀ ਨਾਭ ਕੰਵਲ ਰਾਜਾ ਸਾਹਿਬ ਮੈਮੋਰੀਅਲ ਹਸਪਤਾਲ ਵਿਚ ਮੌਜੂਦਾ ਸਟਾਫ ਵਿਚ ਡਾਕਟਰ ਬਲਵਿੰਦਰ ਸਿੰਘ (ਐਮ. ਬੀ. ਬੀ. ਐਸ.) ਮੈਡੀਕਲ ਸੁਪਰਡੈਂਟ, ਡਾਕਟਰ ਹਰਮਿੰਦਰ ਸਿੰਘ (ਐਮ. ਬੀ. ਬੀ. ਐਸ., ਐਮ .ਐਸ.) ਹੱਡੀਆਂ ਦੇ ਰੋਗਾਂ ਦੇ ਮਾਹਿਰ, ਡਾ. ਲੱਲਨ ਮਿਸ਼ਰ ਦੂਰਬੀਨ ਨਾਲ ਅਪ੍ਰੇਸ਼ਨ ਦੇ ਮਾਹਿਰ, ਡਾਕਟਰ ਮਨਦੀਪ ਸੂਦ ਅੱਖਾਂ ਦੇ ਮਾਹਿਰ, ਡਾਕਟਰ ਕੁਲਦੀਪ ਸਿੰਘ ਜਨਰਲ ਫਿਜ਼ੀਸ਼ੀਅਨ, ਡਾਕਟਰ ਹਰਜੀਤ ਕੌਰ ਔਰਤਾਂ ਦੀਆਂ ਬਿਮਾਰੀਆਂ ਦੇ ਮਾਹਿਰ, ਡਾ. ਜਤਿੰਦਰ ਰਤਨ ਦੰਦਾਂ ਦੇ ਰੋਗਾਂ ਦੇ ਲਈ, ਡਾਕਟਰ ਡੌਲੀ ਫਿਜੀਓਥਰੈਪਿਸਟ, ਐਕਸਰੇ ਲਈ ਮਨਦੀਪ ਸਿੰਘ ਸਮੇਤ ਪੈਰਾਮੈਡੀਕਲ ਅਤੇ ਲੈਬੋਰੇਟਰੀ ਸਟਾਫ, ਸਹਾਇਕ ਸਟਾਫ, ਦਫ਼ਤਰੀ ਅਮਲਾ ਆਪੋ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।

ਟਰੱਸਟ ਦੀ ਮੌਜੂਦਾ ਕਮੇਟੀ ਵਿਚ ਪ੍ਰਧਾਨ ਕੁਲਵੰਤ ਸਿੰਘ, ਸੈਕਟਰੀ ਜੀਤ ਰਾਮ, ਐਡੀਟਰ ਪਰਮਜੀਤ ਕੌਰ, ਡਾਕਟਰ ਗੁਰਦਾਸ ਸਿੰਘ, ਕਰਨਲ ਸਵਰਨ ਸਿੰਘ, ਮੈਂਬਰ ਗਿਆਨ ਸਿੰਘ ਸਾਬਕਾ ਪ੍ਰਧਾਨ, ਬਹਾਦਰ ਸਿੰਘ, ਮੋਹਣ ਲਾਲ, ਜਸਵੰਤ ਸਿੰਘ, ਤਰਸੇਮ ਸਿੰਘ, ਰਣਵੀਰ ਸਿੰਘ, ਨਛੱਤਰ ਕੌਰ, ਸੁਦੇਸ਼ ਕੁਮਾਰੀ ਅਤੇ ਬਿੱਕਰ ਸਿੰਘ ਸਾਰੇ ਵਾਸੀ ਮਜਾਰਾ ਨੌ ਆਬਾਦ ਸੇਵਾ ਕਾਰਜਾਂ ਵਿਚ ਯੋਗਦਾਨ ਪਾ ਰਹੇ ਹਨ। ਟਰੱਸਟ ਦੇ ਪ੍ਰਧਾਨ ਕੁਲਵੰਤ ਸਿੰਘ ਅਤੇ ਸੈਕਟਰੀ ਜੀਤ ਰਾਮ ਨੇ ਦੱਸਿਆ ਕਿ ਹਸਪਤਾਲ ਚਲਾਉਣ ਲਈ ਐਨ. ਆਰ. ਆਈਜ਼ ਅਤੇ ਦਾਨੀ ਸੰਗਤਾਂ ਦਾ ਬਹੁਤ ਵੱਡਾ ਸਹਿਯੋਗ ਹੈ। ਜਿਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਰਪ ਅਤੇ ਹੋਰ ਦੇਸ਼ਾਂ ਵਿਚ ਵੱਸੇ ਰਾਜਾ ਸਾਹਿਬ ਜੀ ਦੇ ਸ਼ਰਧਾਲੂਆਂ, ਸੇਵਾਦਾਰਾਂ ਵੱਲੋਂ ਬਹੁਤ ਵਡਮੁੱਲਾ ਯੋਗਦਾਨ ਪ੍ਰਾਪਤ ਹੋ ਰਿਹਾ ਹੈ। ਪਰ ਕਦੇ ਵੀ ਸਰਕਾਰੀ ਤੌਰ ਤੇ ਕੋਈ ਵੀ ਮਦਦ ਕਦੇ ਨਹੀਂ ਮਿਲ ਸਕੀ। ਹਸਪਤਾਲ ਦੇ ਸ਼ੁਰੂਆਤੀ ਸਮੇਂ ਵਿਚ ਪਿੰਡ ਕਰਨਾਣਾ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਹਰਭਜਨ ਲਾਖਾ ਨੇ ਆਪਣੇ ਅਖ਼ਤਿਆਰੀ ਫੰਡ ਵਿਚੋਂ ਇਕ ਮਹਿੰਦਰਾ ਗੱਡੀ ਹਸਪਤਾਲ ਲਈ ਦਿੱਤੀ ਸੀ। ਸਮੇਂ ਸਮੇਂ ਤੇ ਟਰੱਸਟ ਦੇ ਸਮਾਗਮਾਂ ਵਿਚ ਇਲਾਕੇ ਦੇ ਸਾਂਸਦ ਰਵਨੀਤ ਬਿੱਟੂ, ਮੰਤਰੀ ਚੌਧਰੀ ਸਵਰਨਾ ਰਾਮ, ਵਿਧਾਇਕ ਮੋਹਣ ਸਿੰਘ ਸ਼ਿਰਕਤ ਕਰਦੇ ਰਹਿੰਦੇ ਹਨ।

ਉਨ੍ਹਾਂ ਨੇ ਟਰੱਸਟ ਦੀਆਂ ਭਵਿੱਖ ਦੀਆਂ ਯੋਜਨਾਵਾਂ 'ਚ ਇਲਾਕਾ ਨਿਵਾਸੀਆਂ ਦੀ ਸਹੂਲਤ ਲਈ ਸੀਨੀਅਰ ਸੈਕੰਡਰੀ ਸਕੂਲ, ਨਰਸਿੰਗ ਸਕੂਲ ਖੋਲ੍ਹਣ ਬਾਰੇ ਦੱਸਿਆ ਤੇ ਕਿਹਾ ਕਿ ਇਹ ਸਭ ਰਾਜਾ ਸਾਹਿਬ ਜੀ ਦੀ ਆਪਾਰ ਕਿਰਪਾ ਅਤੇ ਸੰਗਤ, ਦਾਨੀਆਂ ਦੀ ਸੱਚੀ ਸ਼ਰਧਾ ਅਤੇ ਯੋਗਦਾਨ ਨਾਲ ਜ਼ਰੂਰ ਸੰਭਵ ਹੋਵੇਗਾ। ਇਹ ਦੁਆਬੇ ਦੇ ਇਲਾਕੇ ਲਈ ਪਹਿਲਾ ਮੈਡੀਕਲ ਕਾਲਜ ਸਥਾਪਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਕ ਮਜ਼ਬੂਤ ਨੀਂਹ ਦਾ ਕੰਮ ਕਰੇਗਾ। ਉਹਨਾਂ ਨੇ ਟਰੱਸਟ ਵੱਲੋਂ ਦੇਸ਼-ਵਿਦੇਸ਼ ਦੀ ਸੰਗਤ ਨੂੰ ਭਲਾਈ ਕਾਰਜ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ।

# "ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੀਫੋਰਨੀਆ ਯੂ.ਐਸ.ਏ. ਨੇ ਰਚਿਆ ਨਵਾਂ ਇਤਿਹਾਸ

















